ਰਮਲ ਪ੍ਰਬੋਧ

ਅਰਥਾਤ

ਰਮਲ ਟੀਚਰ



ਜੋਤਸ਼ੀ ਪ੍ਰਤਾਪ ਸਿੰਘ ਜੀ ਗਿਆਨੀ

ਪ੍ਰਕਾਸ਼ਕ

ਭਾਈ ਬੂਟਾ ਸਿੰਘ ਪ੍ਰਤਾਪ ਸਿੰਘ

ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

ਜੋਤਸ਼ ਰਮਲ ਸਿਖਨ ਦੀ ਪੁਸਤਕ

ਰਮਲ ਟੀਚਰ



ਲੇਖਕ–

ਜੋਤਸ਼ੀ ਪ੍ਰਤਾਪ ਸਿੰਘ ਗਜ਼ਾਨੀ

ਵਪਾਰ ਆਲਮ ਬਿਕ੍ਰਮੀ ਤਿਥ ਪਤ੍ਰਕਾ ਵਾਲੇ

ਕਰਤਾ – ਜਨਮ ਪਤ੍ਰੀ ਪ੍ਰਬੋਧ, ਜਾਤਕ ਚਿੰਤਾਮਨੀ, ਸੁਪਨ ਪ੍ਰਬੋਧ, ਪ੍ਰਸ਼ਨ ਚਿੰਤਾਮਨੀ, ਮੰਦਾ ਤੇਜ਼ੀ ਪ੍ਰਬੋਧ, ਜੋਤਸ਼ ਪ੍ਰਬੋਧ, ਜੋਤਸ਼ ਵਿਦਿਆ ਭੰਡਾਰ ਭਾਗ ਪਹਿਲਾ ਦੂਜਾ, ਮਹੂਰਤ ਦਰਪਨ, ਹਥ ਰੇਖਾ ਗਿਆਨ ਭਾਗ ਪਹਿਲਾ, ਦੂਜਾ, ਤੀਜਾ, ਚੌਥਾ; ਬਾਲਬੋਧ ਰਮਲ, ਮਖਜਨ ਰਮਲ, ਭਡਲੀ ਸਟੀਕ, ਪ੍ਰਸ਼ਨ ਦਰਪਨ, ਇਸਤ੍ਰੀ ਪੁਰਸ਼ ਰਾਸ਼ੀ ਮਾਲਾ, ਦੁਰਗਾ ਪ੍ਰੀਛਾ, ਨੌਗ੍ਰੈਹ ਸ਼ਾਂਤੀ, ਕਾਲ ਗਿਆਨ, ਯੋਗਾਭਯਾਸ ਸ਼ਾਸਤ੍ਰ–ਲਿਖਤੀ ਇੰਦਰਜਾਲ, ਮਹਾਂ ਕਾਲੀ ਜੰਤ੍ਰ ਮੰਤ੍ਰ, ਦੁਰਗਾ ਸ਼ਕਤੀ ।

ਪ੍ਰਕਾਸ਼ਕ

ਭਾਈ ਬੂਟਾ ਸਿੰਘ ਪ੍ਰਤਾਪ ਸਿੰਘ

ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਪਹਿਲੀ ਵਾਰ (ਦਸੰਬਰ ੧੯੫੩) ਭੇਟਾ ੧॥)

ਜੋਤਸ਼ੀ ਪ੍ਰਤਾਪ ਸਿੰਘ ਗਜ਼ਨੀ ਦੇ ਰਚਿਤ

ਜੰਤਰਾਂ ਮੰਤਰਾਂ ਦੇ ਪੁਸਤਕ

ਸ਼ਿਵ ਜੰਤਰ ਤੰਤਰ ਸ਼ਾਸਤਰ ੨), ਸ਼ਿਵ ਮੰਤਰ ਸ਼ਾਸਤਰ ੨), ਸ਼ਿਵ ਤੰਤਰ ਸ਼ਾਸਤਰ ੨), ਜਾਦੂ ਬੰਗਾਲਾ ਵਡਾ ੨), ਵਡਾ ਨਕਸ਼ ਸੁਲੇਮਾਨੀ ੨), ਸੰਨਿਆਸੀ ਬਾਵਾ ਕਾ ਗੁਟਕਾ ੪), ਅਸਲੀ ਲਿਖਤੀ ਇੰਦਰ ਜਾਲ ੨), ਈਰਾਨ ਮਿਸਰ ਦੇ ਜਾਦੂ ੨), ਯਖਨੀ ਸਿਧੀ ੧॥) ਜਾਦੂ ਦੀਆਂ ਖੇਡਾਂ ॥), ਰਖਿਆ ਪੈਂਤੀਸ ਅੱਖਰੀ ਤੇਈਆ ਤਾਪ ਦੀ ਕਥਾ, ਨਸੀਹਤ ਨਾਮਾ ਤੇ ਮੰਤਰ ਬਾਬੇ ਨਾਨਕ ਦਾ (ਇਕੱਠੇ) =), ਪੈਂਤੰਸ ਅੱਖਰੀ)॥, ਦੁਰਗਾ ਸਤੋਤਰ =), ਸ਼ਿਵ ਸਤੋਤਰ =), ਸ਼ਨੀਚਰ ਸਤੋਤਰ =), ਹਨੂੰਮਾਨ ਚਾਲੀਸਾ =), ਸੂਰਜ ਸਤੋਤ੍ਰ =), ਨੌ ਗ੍ਰਹਿ ਸ਼ਾਤੀ ਗ੍ਰੈਹ ਪੂਜਾ ਤੇ ਮੰਤਰ ਪਾਠ।) ਯੋਗਅਭਯਾਸ ਆਸਨ੧) ਮਾਤ੍ਰੇ ਬਾਬਾ ਸ੍ਰੀ ਚੰਦ ਜੀ।) ਤੇ ॥),ਮਹਾਂ ਕਾਲੀ ਜੰਤਰ ਮਤਰ ਤੰਤਰ੧॥) ਦੁਰਗਾ ਸ਼ਕਤੀ ੧॥), ਯੋਗ ਭਯਾਸ ਸਾਸ਼ਤਰ ੨॥)

ਜੋਤਸ਼ ਦੇ ਗ੍ਰੰਥ

ਜੋਤਸ਼ ਵਿਦਿਆ ਭੰਡਾਰ ੧), ਪੁਰਸ਼ ਰਾਸ਼ੀ ਮਾਲਾ ॥), ਇਸਤਰੀ ਰਾਸ਼ੀ ਮਾਲਾ ॥), ਪ੍ਰਸ਼ਨ ਦਰਪਨ ॥) ਉਰਦੂ ॥), ਜਨਮ ਪਤਰੀ ਪਰਬੋਧ ਜਿਲਦ ਵਾਲੀ ੧।), ਜਨਮ ਪਤਰੀ ਪ੍ਰਬੋਧ ਉਰਦੂ ੧॥) ਜਾਤਕ ਚਿੰਤਾਮਨੀ ੧॥), ਲਗਨ ਚੰਦਰਕਾ ਜਿਲਦ ਵਾਲੀ ੧॥), ਦੁਰਗਾ ਪ੍ਰੀਛਾ ।=) ਨੌ ਗ੍ਰਹਿ ਸ਼ਾਨਤੀ ।–), ਛੋਟਾ ਪ੍ਰੀਛ =), ਅੰਗ ਫੁਰਨਾ =) ਕਿਰਲੀ ਵਿਚਾਰ =), ਸੁਪਨ ਪਰਬੋਧ ॥), ਬਾਲ ਬੋਧ ਰਮਲ ।–), ਰਮਲ ਦੇ ਪਾਸੇ (ਜੋੜੀ) ੨), ਰਮਲ ਟੀਚਰ ੧॥), ਗਿਆਨ ਸਰੋਦਾ ਸਟੀਕ ॥ =), ਭਡਲੀ ਮੇਘ ਮਾਲਾ ਸਟੀਕ ॥ =), ਭਡਲੀ ਮੇਘ ਮਾਲਾ ਦੂਜਾ ਭਾਗ। =) ਹਥ ਰੇਖਾ ਗਿਆਨ ੧।)

ਪਤਾ—ਭਾਈ ਬੂਟਾ ਸਿੰਘ ਪ੍ਰਤਾਪ ਸਿੰਘ

ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ

੧ ਓ ਸਤਿਗੁਰ ਪ੍ਰਸਾਦਿ

ਅਥ ਰਮਲ ਟੀਚਰ ਗ੍ਰੰਥ ਲਿਖਯਤੇ

ਰਚਿਤ ਜੋਤਸ਼ੀ ਪ੍ਰਤਾਪ ਸਿੰਘ ਗਿਆਨੀ

ਅਰਬੀ ਪੁਸਤਕਾਂ ਵਿਚ ਲਿਖਿਆ ਹੈ ਇਕ ਰੋਜ ਬਾਬਾ ਆਦਮ ਬੀਆਬਾਨ ਵਿਚ ਬੈਠੇ ਹੋਏ ਹੈਸਨ ਤਾਂ ਓਨਾਂ ਨੂੰ ਏਹ ਫਿਕਰ ਹੋਇਆ ਕਿ ਸਾਡੀ ਉਲਾਦ ਦਾ ਕੀ ਹਾਲ ਹੈ ਓਹ ਏਸ ਫਿਕਰ ਵਿਚ ਬਹੁਤ ਚਿੰਤਾਵਾਨ ਹੋਏ ਏਤਨੇ ਵਿਚ ਜਬਰਾਈਲ ਓਹਨਾ ਦੇ ਪਾਸ ਆਇਆ ਤਾਂ ਬਾਬਾ ਆਦਮ ਓਸ ਵੇਲੇ ਰੇਤ ਦੇ ਉਤੇ ਬੈਠੇ ਹੋਏ ਹੈਸਨ ਤੇ ਓਹਨਾਂ ਦੇ ਸਾਮਨੇ ਭੀ ਰੇਤ ਵਿਛੀ ਹੋਈ ਹੈਸੀ ਤਾਂ ਜਬਰਾਈਲ ਨੇ ਆਪਣੀਆਂ ਚਾਰੇ ਉਗਲੀਆਂ ਰੇਤ ਦੇ ਵਿਚ ਗਡ ਦਿਤੀਆਂ ਤਾਂ ਓਹਨਾਂ ਦਾ ਨਿਸ਼ਾਨ ਇਸਤ੍ਰਾਂ ਬਨਗਯਾ ⁝ ਤੇ ਮੂਖੋਂ ਕਹਿਆ ਅਲਰਮਲ

ਅਤੇ ਰਮਲ ਰੇਤ ਦਾ ਨਾਮ ਹੈ ਹੁਣ ਏਹ ਜੋ ਚਾਰ ਉਂਗਲੀਆਂ ਗਡੀਆਂ ਤਾਂ ਇਸ ਥੋਂ ਚਾਰ ਬਿੰਦੂ ਪੈਦਾ ਹੋ ਗਏ ਪਹਿਲਾ ਬਿੰਦੂ ਆਤਸ਼ ਅਰਥ ਅਗਦਾ ਹੈ ਅਰ ਇਸਨੂੰ ਸਾਰਿਆਂ ਬਿੰਦੂਆਂ ਦੇ ਉੱਤੇ ਰਖਿਆ ਹੈ ਕਿਉਂਕਿ ਅਗਦਾ ਅਕਾਸ਼ ਸਾਰਿਆਂ ਆਕਾਸ਼ ਦੇ ਉੱਤੇ ਹੈ ਅਰ ਸਾਰਿਆਂ ਬਿੰਦੂਆਂ ਨਾਲੋਂ ਅਗਦਾ ਬਿੰਦੂ ਹਲਕਾ ਹੈ ॥ ਇਸ ਕਰਕੇ ਇਸਨੂੰ ਪਹਿਲਾਂ ਦਰਜਾ ਦਿਤਾ ਹੈ। ਹੌਲਾ ਹੋਣੇ ਦੀ ਇਹ ਦਲੀਲ ਹੈ ਕਿ ਜਿਸ ਵੇਲੇ ਕਿਤੇ ਧੂੰਆਂ ਅਗਦਾ ਪੈਦਾ ਹੋਂਵਦਾ ਹੈ ਤਾਂ ਓਹ ਆਕਾਸ਼ ਦੀ ਤਰਫ ਹਵਾ ਨਾ ਲੋਭੀ ਉਤੇ ਚਲਿਆ ਜਾਂਦਾ ਹੈ (੨) ਦੂਸਰਾ ਬਿੰਦੂ ਬਾਦ ਅਰਥ ਪੌਣ ਦਾ ਹੈ ਕਿਓਂਕਿ ਪੌਣ ਅਗ ਨਾਲੋਂ ਕੁਛ ਭਾਰੀ ਹੋਂਵਦੀ ਹੈ। ਇਸ ਵਾਸਤੇ ਏਸ ਨੂੰ ਦੂਜੇ ਦਰਜੇ ਵਿਚ ਰਖਿਆ ਹੈ ਤੀਸਰਾ ਬਿੰਦੂ ਆਬ ਅਰਥ ਪਾਣੀ ਦਾ ਹੈ ਕਿਉਂਕਿ ਪਾਣੀ ਪੌਣ ਨਾਲੋਂ ਕੁਛ ਭਾਰਾ

ਹੁੰਦਾ ਹੈ ਇਸ ਵਾਸਤੇ ਇਸ ਨੂੰ ਤੀਜਾ ਦਰਜਾ
ਦਿਤਾ ਹੈ ਹੁਣ ਚੌਥਾ ਹਿੰਦੂ ਖਾਕ ਅਰਬ ਪ੍ਰਿਥ੍ਵੀ
ਦਾ ਹੈ ਕਿਉਂਕਿ ਜਿਸ ਵੇਲੇ ਮਿਟੀ ਨੂੰ ਪਾਣੀ ਦੇ
ਵਿਚ ਸੁਟੀਦਾ ਹੈ ਤਾਂ ਮਿਟੀ ਪਾਣੀ ਦੇ ਥਲੇ
ਬੈਠ ਜਾਂਵਦੀ ਹੈ ਇਸ ਵਾਸਤੇ ਚੌਥਾ ਦਰਜਾ
ਪ੍ਰਿਥਵੀ ਕਾ ਹੈ ਸੋ ਏਹ ਚਾਰ ਤਤ ਬੰਦੇ ਵਿਚ
ਭੀ ਹੈਨ ਜਿਸ ਤਰਾਂ ਬੰਦੇ ਦੀ ਸਕਲਾਂ ਹੈਨ
ਉਸੇਤ੍ਰਾਂ ਰਮਲ ਦੀਆਂ ਸਕਲਾਂ ਭੀ ਹੈਨ ਹੁਣ
ਜਦ ਜਬਰਾਈਲ ਨੇ ਆਪਨੀਆਂ ਉਂਗਲੀਆਂ
ਨਾਲ ਇਸਤ੍ਰਾਂ ਦਾ : ਨਸ਼ਾਨ ਕੀਤਾ ਤਾਂ ਬਾਬੇ
ਆਦਮ ਨੂੰ ਕਹਿਣ ਲਗਾ ਕਿ ਇਸ ਦਾ ਨਾਮ
ਤ੍ਰੀਕ ਹੈ ਅਰ ਇਹ ਸਾਰੀਆਂ ਸਕਲਾਂ ਦਾ ਬਾਪ
ਹੈ ਅਤੇ ਏਸ ਨੂੰ ਅਬੂਲ ਅਸਕਾਲ (ਅਰਥਾਤ)
ਸਕਲਾ ਦਾ ਬਾਪ ਆਖਣਾ ਚਾਹੀਏ ॥ ਤਾਂ ਬਾਬੇ
ਆਦਮ ਆਖਿਆ ਕਿ ਇਹ ਤੋਂ ਸ਼ਕਲਾਂ ਦਾ
ਬਾਪ ਹੈ ਅਤੇ ਸ਼ਕਲਾ ਦੀ ਮਾਤਾ ਕੌਣ ਹੈ ਤਾਂ
ਜਬਰਾਈਲ ਨੇ ਬਾਬੇ ਆਦਮ ਨੂੰ ਕਹਿਆ ਕਿ ਤੂੰ

ਆਪਣੀਆਂ ਚਾਰ ਉਂਗਲਾਂ ਭੀ ਇਨ ਦੇ ਬ੍ਰਾਬਰ
ਗਡ ਦੇ ਤਾਂ ਉਸਨੇ ਜਬਰਾਈਲ ਦੇ ਕਹਿਣ
ਨਾਲ ਆਪਣੀਆਂ ਉਂਗਲਾਂ ਭੀ ਇਸ ⁝ ਸਕਲ
ਦੇ ਬਰਾਬਰ ਗਡ ਦਿਤੀਆਂ ਤਾਂ ਚਾਰ ਉਂਗਲੀ-
ਆਂ ਜਬਰਾਈਲ ਦੀਆਂ ਔਰ ਚਾਰ ਬਾਬੇ ਆਦਮ
ਦੀਆਂ ਦਾ ਮਿਲ ਕਰ ਇਸਤ੍ਰਾਂ ⁝ ⁝ ਨਸ਼ਾਨ
ਬਨ ਗਿਆ ਤਾਂ ਜਬਰਾਈਲ ਨੇ ਕਹਿਆ ਕਿ
ਦੋ ਫਰਦ ਅਰਥ ਬਿੰਦੂ ਮਿਲਕੇ ·· ਇਕ ਜੋਜ
ਅਰਥ ਰੇਖ ਹੋ ਜਾਂਦੀ ਹੈ — ਅਤੇ ਦੋ ਬਿੰਦੂ ਇਸੀ
ਤਰਾਂ ·· ਹੋਂਦੇ ਹਨ ਅਰ ਇਕ ਰੇਖਾ ਇਸਤ੍ਰਾਂ
— ਹੋਂਦੀ ਹੈ ਜਿਸ ਤਰ੍ਹਾਂ ਦੋ ਤਾਂਕ ਮਿਲਕੇ ਤੇ
ਇਕ ਜਿਸਤੋਂ ਹੋ ਜਾਵਦਾ ਹੈ ਇਸੀ ਤਰ੍ਹਾਂ ਦੋ
ਬਿੰਦੂ ਇਕ ਰੇਖਾ ਹੋ ਜਾਂਵਦੀ ਹੈ॥ ਅਰ ਬਿਦੂ
ਨੂੰ ਟਾਂਕ ਅਤੇ ਰੇਖਾ ਨੂੰ ਜਿਸਤ ਭੀ ਆਖਦੇ ਹੈਨ
ਤਾਂ ਏਹ ਅਠੇ ਨਸ਼ਾਨ ⁝ ⁝ ਮਿਲ ਕੇ ਤੇ ਇਸ
ਤਰਾਂ ਦੀ ☰ ਸਕਲ ਬਨ ਗਈ ਤਾਂ ਜਬਰਾਈਲ
ਨੇ ਕਹਿਆ ਕਿ ਇਸ ਸਕਲ ਨੂੰ ਰਮਲ

(ਅਰਥਾਤ) ਸ਼ਕਲਾਂ ਦੀ ਮਾਤਾ ਆਖਦੇ ਹੈਨ ਕਿਉਂਕਿ ਸਕਲ ⁝ ਤ੍ਰੀਕ ਦੇ ਚਾਰ ਬਿੰਦੂ ਹੈਨ ਤੇ ਜਦ ਏਹਨਾਂ ਨੂੰ ਦੋਗਣਾ ਕੀਤਾ ਤਾਂ ਸ਼ੋਲਾਂ ਹੋਏ ਇਸ ਵਾਸਤੇ ਰਮਲ ਦੀਆਂ ਸਾਰੀਆਂ ਸ਼ਕਲਾਂ ਸੋਲਾਂ ਹੋਈਆਂ ਜੇ ਕੋਈ ਇਹ ਸਵਾਲ ਪੁਛੇ ਤਾਂ ਇਸ ਦਾ ਏਹ ਜਵਾਬ ਦੇਨਾ ਚਾਹੀਏ ਅਰ ਦੋ ਸਕਲਾਂ ਤੇ ਇਹ ਹੈਨ ⁝ ☰ ਬਾਕੀ ਚੋਦਾਂ ਹੋਰ ਸ਼ਕਲਾਂ ਹੈਨ ਓਹ ਅਗੇ ਜਾਂ ਕੇ ਲਿਖੀਆਂ ਜਾਣਗੀਆਂ ॥ ਤਾਂ ਜਬਰਾਈਲ ਦੀ ਮਦਦ ਦੇ ਨਾਲ ਸਾਰਾ ਹਾਲ ਆਪਨੀ ਉਲਾਟ ਦਾ ਮਾਲੂਮ ਕੀਤਾ ਕਿ ਫਲਾਨਾ ਸ਼ਖਸ ਕਿਥੇ ਹੈ ਅਰ ਉਹ ਕੀ ਕੰਮ ਕਰਦਾ ਹੈ ਤਾਂ ਜਬਰਾਈਲ ਓਥੋਂ ਚਲਦੇ ਰਹੇ ਅਗੇ ਬਾਬੇ ਆਦਮ ਨੂੰ ਏਹ ਇਲਮ ਸਿਖਾ ਦਿਤਾ ॥ ਅਰ ਬਾਜੇ ਮੁਸਲਮਾਨ ਆਖਦੇ ਹੈਨ ਕਿ ਇਹ ਇਲਮ ਜਬਰਾਈਲ ਨੇ ਹਜ਼ਰਤ ਦਾਨੀਯਾਲ ਨੂੰ ਸਿਖਾਇਆ ਸੀ ਅਰ ਕਹਿੰਦੇ ਹੈਨ ਕਿ ਸਖਾਵਣ ਦਾ ਸਬਬ ਇਹ ਹੈਸੀ ॥ ਕਿ

ਹਜ਼ਰਤ ਦਾਨੀਯਾਲ ਕਾਫਰਾ ਕਲੋਂ ਡਰਦੇ ਮਾਰੇ
ਪਹਾੜ ਵਿਚ ਲੁਕ ਕੇ ਪਰਮੇਸਰ ਦੀ ਬੰਦਗੀ
ਕਰਦੇ ਰਹੇ ਹੈਨ ॥ ਇਕ ਸਮੇਂ ਵਿਚ ਜਬਰਾਈਲ
ਓਹਨਾਂ ਦੇ ਪਾਸ ਆਏ ਅਰ ਏਹ ਇਲਮ ਓਨ੍ਹਾਂ
ਨੂੰ ਸਿਖਾ ਕੇ ਫੁਰਮਾਇਆ ਕਿ ਪਰਮੇਸ਼ਰ ਦਾ
ਹੁਕਮ ਹੈ ਕਿ ਜੋ ਲੋਕ ਕਾਫਰ ਹੈਨ ॥ ਓਨ੍ਹਾਂ ਦਾ
ਪਰਮੇਸ਼ਰ ਦੀ ਤਰਫ ਧਿਆਨ ਫਿਰਾਓ ਅਤੇ
ਇਸ ਇਲਮ ਦੀ ਮਦਦ ਨਾਲ ਓਹਨਾਂ ਦੇ
ਦਿਲਾਂ ਨੂੰ ਫੇਰੋ ਕਿਉਂਕਿ ਤੁਹਾਡੇ ਪਾਸ ਕੁਛ
ਲਸ਼ਕਰ ਤੇ ਹਥਿਆਰ ਨਹੀਂ ਹਨ ਫੇਰ ਹਜ਼ਰਤ
ਦਾਨੀਆਲ ਪਹਾੜ ਤੋਂ ਹੇਠ ਉਤਰ ਆਏ ਔਰ
ਉਸ ਕੌਮ ਦੇ ਵਿਚ ਜਾਕੇ ਰਮਲ ਦੇ ਵਸੀਲੇ
ਨਾਲ ਓਹਨਾਂ ਦੇ ਦਿਲਾਂ ਦਾ ਹਾਲ ਦਸਿਆ
ਏਥੋਂ ਤਾਂਈਂ ਹਾਲ ਦਸਿਆ ਕਿ ਉਸ ਕੌਮ ਦਾ
ਬੜਾ ਯਕੀਨ ਅਤੇ ਇਤਬਾਰ ਤਥਾ ਭਰੋਸਾ
ਦਾਨੀਆਲ ਉਪਰ ਹੋ ਗਿਆ ਹੌਲੀ ੨
ਏਤਨੀ ਖਬਰ ਬਾਦਸ਼ਾਹ ਤੀਕ ਪਹੁਚ ਗਈ

ਤਦ ਬਾਦਸ਼ਾਹ ਨੇ ਹਜਰਤ ਦਾਨੀਆਲ ਨੂੰ
ਸਦਕੇ ਓਸਦਾ ਇਮਿਤਹਾਨ ਲਿਆ । ਤਾਂ
ਬਾਦਸ਼ਾਹ ਨੂੰ ਭੀ ਠੀਕ ੨ ਯਕੀਨ ਹੋ ਗਿਆ।
ਤੇ ਆਪਣੇ ਬੇਟੇ ਨੂੰ ਇਸ ਇਲਮ ਦੇ ਸਖਲੇਨ
ਵਾਸਤੇ ਹਜ਼ਰਤ ਦਾਨੀਆਲ ਦੇ ਸਪੁਰਦ
ਕੀਤਾ ਹਜਰਤ ਦਾਨੀਅਲ ਨੇ ਓਸ ਸ਼ਾਹਜ਼ਾਦੇ
ਨੂੰ ਠੀਕ ੨ ਇਲਮ ਰਮਲ ਦਾ ਸਿਖਾ ਦਿਤਾ
ਜਦ ਓਹ ਇਲਮ ਪੜਕੇ ਕਾਮਲ ਹੋ ਗਿਆ।
ਇਕ ਦਿਨ ਹਜ਼ਰਤ ਦਾਨੀਆਲ ਔਰ ਬਾਦਸ਼ਾਹ
ਤੇ ਸ਼ਾਹਜ਼ਾਦਾ ਤਿੰਨੇ ਇਕੱਠੇ ਬੈਠੇ ਹੋਏ ਹੈਸਨ।
ਹਜ਼ਰਤ ਦਾਨੀਆਲ ਨੇ ਸ਼ਾਹਜ਼ਾਦੇ ਕੋਲੋਂ
ਪੁਛਿਆ ਕਿ ਇਹ ਸਦਾ ਮਮੂਲ ਹੁੰਦਾ ਆਇਆ
ਹੈ ਕਿ ਹਰ ਇਕ ਜ਼ਮਾਨੇ ਵਿਚ ਇਕ ਪੈਗੰਬਰ
ਹੋਏ ਹੈਨ। ਤੁਸੀ ਰਮਲ ਦੇ ਵਸੀਲੇ ਨਾਲ ਦਸੋ
ਕਿ ਇਸ ਜ਼ਮਾਨੇ ਦੇ ਵਿਚ ਕੋਈ ਪੈਗੰਬਰ ਹੈ ਕਿ
ਨਹੀਂ ਹੈ ਤਦ ਸ਼ਾਹਜ਼ਾਦੇ ਨੇ ਰਮਲ ਦੇ ਜ਼ਾਇਚੇ
ਖਿਚੇ ਔਰ ਕਹਿਆ ਕਿ ਇਸਜਮਾਨੇਵਿਚ ਪੈਗੰਬ੍ਰ

ਹੈ,ਫਿਰ ਪੁਛਿਆ ਕੇਹੜੇ ਸ਼ਹਿਰ ਵਿਚ ਪੈਗੰਬਰ ਹੈ ਸ਼ਾਹਜ਼ਾਦੇ ਨੇ ਕਹਿਆ ਕਿ ਏਸੇ ਸ਼ਹਿਰ ਵਿਚ ਪੈਗੰਬਰ ਹੈ,ਫਿਰ ਦਾਨੀਆਲ ਨੇ ਪੁਛਿਆ ਕਿ ਕਿਸ ਮੁਕਾਮ ਵਾ ਜਗਾ ਪੈਗੰਬਰ ਹੈ ਉਸਨੇ ਜਵਾਬ ਦਿਤਾ ਏਸੇ ਮੁਕਾਮ ਪਰ ਪੈਗੰਬਰ ਹੈ, ਫੇਰ ਦਾਨੀਵਾਲ ਨੇ ਪੁਛਿਆ ਕਿ ਕੌਣ ਪੈਗੰਬਰ ਹੈ ਜੋ ਇਸ ਜਗਾ ਹੈ। ਸ਼ਾਹਜ਼ਾਦੇ ਨੇ ਜਵਾਬ ਦਿਤਾ ਕਿ ਏਥੇ ਅਸੀਂ ਤਿੰਨ ਆਦਮੀ ਹਾਂ ਤਿੰਨਾਂ ਵਿਚੋਂ ਨਾ ਤੇ ਮੈਂ ਪੈਗੰਬਰ ਹਾਂ ਨਾ ਮੇਰਾ ਪਿਉ।ਬੇਸ਼ਕ ਤੁਸੀਂ ਪੈਗੰਬਰ ਹੋ। ਫੇਰ ਉਸੇ ਵੇਲੇ ਬਾਦਸ਼ਾਹ ਤੇ ਸ਼ਾਹਜ਼ਾਦੇ ਨੇ ਓਸਦੀ ਪੈਗੰਬਰੀ ਤੇ ਇਮਾਨ ਕੀਤਾ ਫੇਰ ਤਮਾਮ ਕੌਮ ਨੇ ਤੌਬਾ ਕਰਕੇ ਦਾਨੀਆਲ ਨੇ ਰੇਤ ਉਪਰ ਖਤ ਰਮਲ ਦਾ ਖਿਚਕੇ ਸ਼ਕਲ ਪੈਦਾ ਕੀਤੀ ਤਾਂ ਨਾਮ ਇਸ ਇਲਮ ਦਾ ਰਮਲ ਹੋਇਆ ਔਰ ਆਮਾਮਸ ਨਾਉਂ ਅਲਾ ਮਿਸਰੀ ਨੇ ਆਪਣੀ ਕਿਤਾਬ ਮੇਂ ਲਿਖਿਆ ਹੈ ਕਿ ਪਿਛਲੇ ਹਕੀਮਾਂ ਦੀ ਏਹ ਰਵਾਇਤ ਹੈ ਕਿ ਇਹ ਇਲਮ

ਦਾਨੀਆਲ ਅਲਹਿ ਸਲਾਮ ਤੇ ਹੋਇਆ ਹੈ ਏਸ ਇਲਮ ਨੂੰ ਇਸ ਵਾਸਤੇ ਲੁਕਾਵਦੇ ਆਏ ਹੈਨ ਕਿ ਜਾਹਿਲਾਂ ਦੇ ਹਥ ਵਿਚ ਆਉਣ ਨਾਲ ਪਹਿਲੇ ਤਾਂ ਖਰਾਬ ਹੋਵੇਗਾ ਦੂਸਰਾ ਇਮਾਨ ਵਿਚ ਫਰਕ ਪਵੇਗਾ ਇਸ ਵਾਸਤੇ ਜੋ ਆਦਮੀ ਏਹ ਇਲਮ ਸਿਖਣਾ ਚਾਹੇ ਉਸਤਾਂਦ ਕੇ ਸਿਖਣਾ ਚਾਹੇ ਤਾਂ ਉਸਤਾਦ ਕੋਲੋਂ ਸਿਖੇ ਔਰ ਜੋ ਆਦਮੀ ਬਗੈਰ ਉਸਤਾਦ ਕੇ ਸਿਖਣ ਦਾ ਕਰੇਗਾ ਤਾਂ ਓਹ ਗੁਨਾਹਗਾਰ ਹੋਵੇਗਾ ਇਸ ਦਾ ਮਤਲਬ ਏਹ ਹੈ ਕਿ ਜਾਹਲ ਕੇ ਹਥ ਪੈਣ ਨਾਲ ਇਮਾਨ ਵਿਚ ਫਰਕ ਆਵੇਗਾ, ਜੋ ਆਦਮੀ ਉਸਤਾਦ ਪਾਸੋਂ ਇਹ ਇਲਮ ਸਿਖੇਗਾ ਓਹ ਜ਼ਮੀਰ ਨਾਲ ਦਲੀਲ ਦੇ ਦਸੇਗਾ ਔਰ ਅਹਕਾਮ ਓਹ ਦਸੇਗਾ ਓਹ ਕਦੀ ਝੂਠੇ ਨਾ ਹੋਨਗੇ ਔਰ ਇਸ ਇਲਮ ਦੇ ਵਸੀਲੇ ਨਾਲ ਹਰ ਇਕ ਗਾਇਬ ਅਸਰਾਰ ਮਾਲੂਮ ਹੋ ਸਕਦਾ ਹੈ।



ਹੁਣ ਸ਼ਕਲ ਬਣਾਵਨਾ ਕੀ ਬਿਧ ਲਿਖਦੇ ਹਾਂ

ਸਾਰੀਆਂ ਸਕਲਾ ਤਰੀਕ ⁝ ਔਰੰ ਜਮਾਇਤ ☰ ਥੋ ਪੈਦਾ ਹੋਦੀਆਂ ਹੈਨ ਸਕਲ ਜਮਾਇਤ ਦਾ ਅਗਨ ਬਿੰਦੂ ਖਾਰਜ ਕਰ ਦਿਤਾ ਤਾਂ ਬਾਕੀ ਇਸਤਰਾਂ ☷ ਦੀਸ਼ਕਲ ਰਹ ਗਈ ਅਰ ਇਸਨੂੰ ਰਮਲ ਵਿਚ ਲਿਯਾਨ ਆਖਦੇ ਹੈਨ। ਔਰੰ ਸਕਲ ਤ੍ਰੀਕ ⁝ ਉਤੇ ਉਹੀ ਬਿੰਦੂ ਵਧਾ ਦਿਤਾ ਤਾਂ ⁝ ਇਹ ਸਕਲ ਪੈਦਾ ਹੋਈ। ਤੋ ਰਮਲ ਵਿਚ ਇਸ ਸਕਲ ⁝ ਨੂੰ ਅਤਬੇ ਦਾਖਲ ਅ ਖਦੇ ਹੈਨ। ਅਰ ਜਦੋਂ ਸਕਲ ਜਮਾਇਤ ਵਿਚੋਂ ਵਾਯੂਦਾ ਬਿੰਦੂ ਘਟਾ ਦਿਤਾ ਤਾਂ ਬਾਕ਼ੀ ਇਹ ⁝ ਸਕਲ ਪੈਦਾ ਹੋਈ ਰਮਲ ਵਿਚ ਏਸਨੂੰ ਹੁਮਰਾ ਆਖਦੇ ਹੈਨ ਜਦ ਉਹੀ ਬਿੰਦੂ ਤ੍ਰੀਕ ⁝ ਦੇ ਉਤੇ ਵਧਾਦਿਤਾ ਤਾਂ ਇਹ ⁝ ਸਕਲ ਪੈਦਾ ਹੋਈ। ਤੇ ਰਮਲ ਵਿਚ ਨਕੀ ਇਸ ⁝ ਸਕਲ ਦਾ ਨਾਮ ਹੈ। ਜਦ ਸਕਲ ਜਮਾਇਤ ☰ ਵਿਚੋ ਜਲ ਬਿੰਦੂ ਖਾਰਜ ਕੀਤਾ

ਤਾਂ ਇਹ ⁝ ਸਕਲ ਪੈਦਾ ਹੋਈ । ਤੇ ਰਮਲ ਇਸ ਦਾ ਨਾਮ ⁝-ਬਿਆਜਹ। ਜਦ ਤ੍ਰੀਕ ਦੇ ⁝ ਨਾਲ ਉਹੀ ਜਲ ਬਿੰਦੂ ਵਧਾਇਆ ਤਾਂ ਇਹ ⁝ ਸਕਲ ਪੈਦਾ ਹੋ ਗਈ ਤੇ ਰਮਲ ਵਿਚ ਇਸਦਾ ਨਾਮ ਫਰਹਾ ਹੈ ਜਦ ਜਮਾਇਤ ⁝ ਸਕਲ ਵਿਚੋ ਵਿਚੋ ਇਕ ਪ੍ਰਿਥਵੀ ਬਿੰਦੂ ਖਾਰਜ ਕਰ ਦਿਤਾ ਤਾਂ ਇਹ ⁝ ਸਕਲ ਪੈਦਾ ਹੋਈ ਤੇ ਰਮਲ ਵਿਚ ਨਾਮਇਸਸਕਲਦਾ ਨਾਅਤਬੇ ਖਾਰਜਾ ਹੈ। ਜਦ ਸਕਲ ਜਮਾਇਤ ਵਿਚੋਂ ⁝ ਇਕ ਅਗਨ ਬਿੰਦੂ ਅਤੇ ਇਕ ਵਾਯੂਬਿੰਦੂ ਘਟਾਇਆ ਤਾਂ ਇਹ ਸਕਲ ⁝ ਪੈਦਾ ਹੋਈ ਤੇ ਇਸਨੂੰ ਰਮਲ ਵਿਚ ਨੁਸਰਤੁਲ ਖਾਰਜ ਆਖਦੇ ਹੈਨ। ਜਦ ਸਕਲ ਤ੍ਰੀਕ ਦੇ ∘∘ ∘∘ ਨਾਲ ਅਗਨ ਬਿੰਦੂ ਅਤੇ ਵਾਯੂ ਬਿੰਦੂ ਵਧਾ ਦਿਤਾ ਤਾਂ ⁝ ਸਕਲ ਇਹ ਪੈਦਾ ਹੋਈ ਤੇ ਰਮਲ ਵਿਚ ਇਸ ਸਕਲ ਨੂੰ ਨੁਸਰਤੁਲ ਦਾਖਲ ਆਖਦੇ ਹੈਨ ਔਰ ਜਦ ਸਕਲ ਜਮਾ-ਇਤ ਵਿਚੋਂ ⁝ ਇਕ ਅਗਨ ਬਿੰਦੂ ਅਤੇ ਇਕ

ਪ੍ਰਿਥਵੀ ਬਿੰਦੂ ਘਟਾ ਦਿਤਾ ਤਾਂ ਇਹ ਸਕਲ ⁞
ਪੈਦਾ ਹੋਈ ਇਸ ਦਾ ਨਾਮ ਉਕਲਾ ਰਖਿਆ
ਅਰ ਜਦੋਂ ਸਕਲ ⁝ ਤ੍ਰੀਕ ਵਿਚ
ਅਗਨ ਬਿੰਦੂ ਤੇ ਪ੍ਰਿਥੀ ਬਿੰਦੂ ਵਧਾ ਦਿਤਾ ਤਾਂ
ਇਹ ਸ਼ਕਲ ⁝ ਪੈਦਾ ਹੋਈ ਤੇ ਏਸ ਨੂੰ ਰਮਲ
ਵਿਚ ਇਜਤਮਾਹ ਆਖਦੇ ਹੈਨ। ਔਰ ਜਦ
ਸ਼ਕਲ ਜਮਾਇਤ ≡ ਵਿਚੋਂ ਇਕ ਅਗਨ ਬਿੰਦੂ
ਅਤੇ ਜਲ ਬਿੰਦੂ ਖਾਰਜ ਕੀਤਾ ਤਾਂ ਇਹ ਸ਼ਕਲ
ਪੈਦਾ ⁝ ਹੋਈ ਅਤੇ ਰਮਲ ਵਿਚ ਏਸਨੂੰ ਕਬ-
ਜੂਲ ਖਾਰਜ਼ ਆਖਦੇ ਹੈਨ ਜਦ ਸ਼ਕਲ ਤ੍ਰੀਕ
ਵਿਚ ਇਕ ਅਗਨ ਬਿੰਦੂ ਤੇ ਇਕ ਜਲ ਬਿੰਦੂ
ਵਧਾ ਦਿਤਾ ਤਾ ਇਹ ⁝ ਸ਼ਕਲ ਪੈਦਾ ਹੋਈ ਤੇ
ਰਮਲ ਵਿਚ ਇਸ ਸ਼ਕਲ ਨੂੰ ਕਬਜੂਲ ਦਾਖਲ
ਆਖਦੇ ਹੈਨ ਹੁਣ ਇਸ ਤੋਂ ਅਗੇ ਕਿਸੇ ਤਰਾਂ
ਭੀ ਕੋਈ ਸ਼ਕਲ ਬਣ ਨਹੀਂ ਸਕਦੀ ਕੁਲ ਚੌਦਾਂ
ਸ਼ਕਲਾਂ ਪੈਦਾ ਹੋਈਆਂ।

ਚਾਰ ਸ਼ਕਲਾਂ ਖਮਾਸੀ ਹੈਨ ਅਰਬ

ਪੰਜਾਂ ਬਿੰਦੂਆਂ ਵਾਲੀਆਂ ॥ ⁝ ⁝ ⁝ ⁝
ਇਨ੍ਹਾਂ ਦੇ ਨਾਮ ਨਕੀ।ਫਰਹਾ ਅਤਵੇਖਾਰਜ ਅਤਵੇ
ਦਾਖਲਹਨ ਔਰ ਇਕ ਸ਼ਕਲ ਰਬਾਈ ਹੈ ਅਰਥ
ਚਾਰ ਬਿੰਦੂਆਂ ਵਾਲੀ ਨਾਮ ⁝ ਤ੍ਰੀਕ ਹੈ ਇਕ
ਸਮਾਨੀ ਹੈ ਅਰਥ ਅਠਾਂ ਬਿੰਦੂਆਂ ਵਾਲੀ ☷
ਨਾਮ ਇਸ ਦਾ ਜਮਾਤ ਹੈ ਫਿਰ ਚਾਰ ਸ਼ਕਲਾਂ
ਸਬਾਈ ਹੈਨ । ਅਰਥ ਸਤਾਂ ਬਿੰਦੂਆਂ
ਵਾਲੀਆਂ ⁝ ⁝ ⁝ ⁝ ਨਾਮ ਲਿਆਨ
ਅੰਕੀਸ ਹੁਮਰਾ ਬਿਆਜ ਹਨ।ਛੇ ਸ਼ਕਲ ਸਦਾਸੀ
ਹੈਨ ਅਰਥ ਛੇ ਬਿੰਦੂਆਂ ਵਾਲੀ ⁝ ⁝ ⁝
⁝ ⁝ ਨਾਮ ⁝ ਕਬਜੁਲਖਾਰਜਕਲਜੁਬਦਾਖਲ
ਉਕਲਾ ਨੁਸਰਤੁਲ ਖਾਰਜ ਨੁਸਰਤੁਲ ਦਾਖਲ
ਇਜਤਮਾਹ। ਰਬਾਈ ਔਰ ਸਮਾਨੀ ਕੀ ਦੁਸਮ-
ਨੀ ਹੈ ਖਮਾਸੀ ਸਮਾਨੀ ਕਾ ਵੈਰ ਹੈ। ਔਰ
ਸਦਾਸੀ ਕੀ ਕੋਈ ਦੁਸ਼ਮਨੀ ਨਹੀਂ ਕਰਤਾ।

ਹੁਣ ਰਮਲ ਦਾ ਵਖਤ ਅਤੇ ਰਮਲਦੀਆਂ
ਸ਼ਰਤਾਂ ਲਿਖਦੇ ਹਾਂ।

ਚਾਹੀਏ ਕਿ ਰਮਲੀ ਪਰਹੇਜ਼ ਗਾਰ ਹੋਵੇ। ਬਾਤ ਘਟ ਕਰੇ ਪਰਮੇਸ਼ਰ ਦੀ ਬੰਦਗੀ ਕਰੇ ਔਰ ਅਮਾਨਤ ਦਾਰ ਹੋਵੇ ਵਾਸ ਖਾਰ ਨਾ ਬੋਲਦਾ ਹੋਵੈ ਔਰ ਪਾਕ ਸਾਫ ਰਹੇ ਤਦ ਓਹ ਰਮਲੀ ਰਮਲ ਦੇ ਲਾਇਕ ਹੋਵੈਗਾ ਚਾਹੀਦਾ ਹੈ ਕਿ ਰਮਲ ਦੇ ਵੇਲੇ ਰਮਲੀ ਅਤੇ ਪੂਛਕ ਦੋਵੇਂ ਪਾਕ ਸਾਫ ਹੋਵਨ ਪੂਛਕ ਨੂੰ ਚਾਹੀਦਾ ਹੈ। ਕਿ ਘਰੋਂ ਜਿਸ ਵੇਲੇ ਕਿਸੇ ਪੰਡਿਤ ਯਾ ਰਮਲੀ ਨੂੰ ਯਾ ਜੋਤਸ਼ੀ ਨੂੰ ਸਦਨ ਜਾਵੇ ਯਾ ਕਿਸੇ ਹਕੀਮ ਵਲ ਜਾਵੈ ਤਾਂ ਆਪਨੇ ਘਰੋਂ ਖਾਲੀ ਹੱਥ ਕਦੇ ਨ ਜਾਵੇ। ਕਿਉਂਕਿ ਇਹ ਇਕਤ੍ਰ ਦਾਸਗ ਨ ਹੁੰਦਾ ਹੈ ਅਤੇ ਰਮਲੀ ਨੂੰ ਅਥਵਾ ਜੋਤਸ਼ੀ ਤਥਾ ਹਕੀਮ ਨੂੰ ਭੀ ਆਏ ਆਦਮੀ ਕਾ ਯਥਾ ਯੋਗ ਆਦਰ ਕਰਨਾ ਉਚਿਤ ਹੈ ਇਹ ਦਿਲ ਵਿਚ ਕਦੀ ਗੁਮਾਨ ਨਾ ਕਰੇ ਕਿ ਮੈਂ ਬਡਾ ਵਿਦਵਾਨ ਹੂੰ। ਰਮਲ ਸੂਰਜ ਉਦੇ ਵੇਲੇ ਉਚਿਤ ਹੈ ਜਾਂ ਸੂਰਜ ਇਕ ਨੇਜਾ ਉਚਾ ਚੜ੍ਹਕੇ ਆਇਆ ਹੋਵੇ ਮੀਂਹ

ਤੇ ਅੰਧੇਰੀ ਨਾ ਹੋਵੈ ਚੰਦ ਡੁਬਾ ਹੋਇਆ ਨਾ ਹੋਵੈ ਤਰੀਕ ਚੰਦ ਦੀ ਟਾਂਕ ਹੋਵੈ ਅਕਾਸ਼ ਸਾਫ ਹੋਵੈ ਬਕਰੀਆਂ ਦੀ ਆਮਦ ਰਫਤ ਨਾ ਹੋਵੈ। ਅਮਾਵਸ ਦੇ ਨਜੀਕ ਰਮਲ ਨਾ ਉਤਾਰੇ। ਪਰ ਜਰੂਰਤ ਦੇ ਵੇਲੇ ਹਰ ਤ੍ਰੀਕ ਕੋ ਰਵਾ ਹੈ। ਪ੍ਰਥਮੇਂ ਭਗਵਤੀਕਾ ਮੰਤ੍ਰ ਪੜ। ਔਰ ਪਰਮੇਸਰ ਦੇ ਅਗੇ ਬੇਨਤੀ ਕਰੇ ਕਿ ਹੇ ਪਰਮੇਸਰ ਮੇਰੇ ਮੇਂ ਕੁਛ ਸਕਤ ਨਹੀਂ ਹੈ ਕਿ ਮੈ ਇਸਦਾ ਜਮੀਰ ਬਤਲਾ ਦੇਵਾਂ ਹੇ ਸੁਆਮੀ ਤੁਹੀ ਗੈਬਦਾਨ ਹੈ ਘਟ ਘਟ ਕੇ ਜਾਨਨ ਹਾਰਾ ਹੈ, ਹੇ ਅੰਤ੍ਰਜਾਮੀ ਮੇਹੇ ਪਰ ਇਸਦਾ ਪ੍ਰਸਨ ਖੁਲ ਜਾਵੇ ਏਤਨੀ ਬਾਤ ਮੁਖੋ ਉਚਾਰਨ ਕਰਕੇ ਕੁਰਰਾ ਸੁਟੇ। ਔਰ ਰਮਲ ਦੀਆਂ ਦਲੀਲਾਂ ਨਾਲ ਸਾਰਾ ਭੇਦ ਦਸੇ ਪਰਮੇਸਰ ਚਾਹੇ ਤਾ ਠੀਕ ਪ੍ਰਸਨ ਨਿਕਲੇਗਾ ਜੋ ਬਾਤ ਇਲਮ ਦੇ ਵਸੀਲੇ ਨਾਲ ਮਲੂਮ ਹੋਵੇ ਓਹੀ ਪ੍ਰਮੇਸਰ ਦੀ ਤਰਫੋ ਆਖਦੇਵੇ ਅਰ ਵਾਫਰ ਬਾਤ ਕੋਈ ਨ ਆਖੇ। ਕਿਉਂਕਿ ਉਸ ਵਿਚ

ਤਕਬਰ ਪਾਇਆ ਜਾਂਦਾ ਹੈ ।

ਅਥ ਮੰਤਰ ਭਗਵਤੀ ਕਾ ਲਿਖ੍ਯਤੇ

ਓਅੰ ਨਮੋ ਭਗਵਤੀ ਦੁਖ ਮਾਂਡਨੀ ਸਰਵ ਕਾਰਜ ਪਰਲਾਦਨੀ ਸਰਵ ਨਮਿਤ ਪ੍ਰਕਾਸਨੀ ਇਹੀ ਇਹੀ ਤਫਰ ਤਫਰ ਵਰਦੇ, ਵਰਦੇਹਹਿਲੀਹਿਲੀਮਾਤੰਗੀਸਤਯੰਬਰੂਹੀਸਵਾਹਾ ਇਸ ਮੰਤ੍ਰ ਕਾ ਸੰਧਿਆ ਵੇਲੇ ਬਿਸਤਰੇ ਪਰ ਜਾਨੇ ਸਮੇ ਪਾਠ ਕਰਿਆ ਕਰੇ ਤੇ ਪਿਛੋਂ ਸੌਂ ਰਹੇ। ਮੰਜੇ ਤੇ ਲੰਮਾ ਪੈਕੇ ਪੜਿਆ ਕਰੇ ਤੇ ਪੜਦਿਆਂ ੨ ਨੀਂਦ ਆ ਜਾਇਆ ਕਰੇਗੀ ਉਸ ਵੇਲੇ ਕੋਈ ਨ ਕੋਈ ਸੁਫ਼ਨਾ ਆਇਆ ਕਰੇਗਾ ਉਸ ਸੁਪਨੇ ਦਾ ਵਿਚਾਰ ਰਖੇ ਔਰ ਸਵੇਰ ਦੇ ਵੇਲੇ ਇਸਨਾਨ ਕਰਕੇ ਧੂਪ ਦੀਪ ਦੇਕੇ ਆਪਣੇ ਆਸਨ ਤੇ ਬੈਠ ਜਾਵੇ ਔਰ ਥੋੜਾ ਖਾਵੇ ਔਰ ਪਰਵਦਗਾਰ ਦੀ ਬੰਦਗੀ ਕਰਿਆ ਕਰੇ ਤਾਂ ਉਸ ਰਮਲੀ ਨੂੰ ਭੂਤ ਭਵਿਖਤ ਅਤੇ ਵਰਤਮਾਨ ਦੀ ਸਭ ਖਬਰ ਹੋ ਜਾਵੇਗੀ। ਭੂਤ ਉਸਨੂੰ ਕਹਿੰਦੇ ਹੈਨ ਜੋ ਕੁਛ

ਪਿਛੇ ਗੁਜਰਿਆ ਹੈ ਵਰਤਮਾਨ ਓਹ ਹੈ ਜੋ ਬੀਤ
ਰਿਹਾ ਹੈ ਭਵਿਖਤ ਉਹ ਹੈ ਜੋ ਅਗੇ ਆਵੇਗਾ।
ਹੁਣ ਕੁਛ ਹਾਲ ਜਾਇਚਾ ਬਨਾਵਨ ਦਾਲਿਖਦੇਹਾਂ
ਪਹਿਲੀਆਂ ਜੋ ਚਾ ਰਸਕਲਾ ਹੁੰਦੀਆਂ
ਹੈਨ ਓਹਨਾਂ ਨੂੰ ਅਮਹਾਤ ਤੇ ਜੋ ਦੂਜੀਆਂ ਚਾਰ
ਹੁੰਦੀਆਂ ਹੈਨ ਓਹਨਾਂ ਨੂੰ ਨਬਾਤ ਆਖਦੇ ਹੈਨ
ਜੋ ਤੀਜੀਆਂ ਚਾਰ ਹਨ ਹੁੰਦੀਆਂ ਹੈਨ ਉਸਨੂੰਮਤ
ਵਲਦਾਤ ਆਖਦੇ ਹੈਨ ਜੋ ਚੌਥੀਆਂ ਚਾਰ
ਹੈਨਓਹਨਾਂ ਨੂੰ ਜਵਾਇਦਾਤ ਆਖਦੇ ਹੈਨ।
ਏਸਤ੍ਰਾਂ ਜਾਇਚੇ ਦੀਆਂ ਸੋਲਾਂ ਸਕਲਾ ਦੇ ਏਹ
ਨਾਮ ਹੈਨ। ਜਦ ਜਾਇਚਾ ਬਣਾਵਣਾ ਚਾਹੇ ਤਾਂ
ਪਹਿਲਾਂ ਭਗਵੰਤੀ ਕਾ ਮੰਤਰ ਪੜੇ ਤਾਂ ਫੇਰ ਇਕ
ਦਮ ਵਿਚ ਚਾਰ ਸਤਰਾਂ ਬਿੰਦੂਆਂ ਵਾਲੀਆਂ
ਬਣਾਵੇ ਇਸ ਤਰਾਂ ਚਾਰ ਦਮ ਵਿਚ ਸੋਲਾਂ
ਸਕਲਾਂ ਹੋਈਆਂ ਚਾਰ ਚਾਰ ਸਤਰਾਂ ਵਿਚੋਂ ਇਕ
ਇਕ ਸਕਲ ਬਨਾਕੇ ਚਾਰ ਸਕਲਾਂ ਬਨਾਕੇ
ਅਮਹਾਤ ਬਨਾਵੇ ਔਰ ਹਰ ਇਕ ਸਤਰ ਦੇ
ਬਿੰਦ ਸੋਲਾਂ ਕੋਲੋਂ ਵਧ ਨ ਹੋਵਣ ਅਤੇ ਨੌਵਾਂ

ਕੋਲੋਂ ਘਟ ਨ ਹੋਵਣ ਪਰ ਅਨਗਿਣਤ ਬਣਾਵੇ ਔਰ ਆਪਣੇ ਕਾਰਜ ਕਾ ਧਿਆਨ ਰਖੇ।

ਮਿਸਾਲ—ਦੋ ਦੋ ਭਾਗ ਹੋਂਦਾ ਜਾਵੇ ਤੇ ਕਿਸੇ ਸਤਰ ਵਿਚ ਪੂਰਾ ਦੋਹਾਂ ਦਾ ਭਾਗ ਹੋ ਜਾਵੇ ਤਾਂ ਇਸ ਤਰਾਂ ਦਾ – ਨਿਸ਼ਾਨ ਅਰਥ ਰੇਖਾ ਲਿਖ ਲੈਣੀ ਇਸ ਬਿੰਦੂ ਨੂੰ ਲੂਨ ਭੀ ਆਖਦੇ ਹਨ ਚਵਾਂ ਸਤਰਾਂ ਦੀ ਇਕ ਸਕਲ ਬਨੀ ਤੇ ਸੋਲਾਂ ਸਤਰਾਂ ਦੀਆਂ ਚਾਰ ਸਕਲਾਂ ਹੋ ਜਾਵਨਗੀਆਂ। ਅਬ ਹਮ ਤੁਮਕੋ ਜਾਇਚਾ ਬਨਾਕਰ ਦਿਖਾਤੇ ਹੈਂ ਜਿਸ ਤਰਾਂ ਇਹ ਸਤਰਾਂ ਖਿਚੀਆਂ ਹੋਈਆਂ ਹੈਨ। ਏਸੇਤਰਾਂ ਸਤਰਾਂ ਖਿਚੇ

. . . . ⁝	. . . . ⁝
. . . .	. . . .
. . . .	. . . .
. . . . ੧	. . . . ੨
. . . . ⁝	. . . . ⁝
. . . .	. . . .
. . . .	. . . .
. . . . ੩	. . . . ੪

ਇਹ ਸਤਰਾਂ ਚੋਹਦਮਾ ਦੇ ਵਿਚ ਖਿਚੀਆਂ ਹਨ ਪਹਿਲੇ ਦਮ ਵਿਚ ਪਹਿਲੀਆਂ ਚਾਰ ਦੂਜੇ ਵਿਚ ਦੂਸਰੀਆਂ ਚਾਰ ਅਸੀਆਂ ਹੀ ਸਤਰਾਂ ਖਿਚਣੀਆ ਵੇਖੋ ਜੋ ਪਹਿਲੀਆਂ ਚਾਰ ਸਤਰਾਂ ਹਨ ਉਹਨਾਂ ਵਿਚ ਜੋ ਪਹਿਲੀ ਸਤਰ ਹੈ ਉਸਦੇ ੧੧ ਬਿੰਦੂ ਹਨ ਦੂਸਰੀ ਦੇ ੧੦ ਤੀਸਰੀ ਦੇ ੧੧ ਚੌਥੀ ਦੇ ਭੀ ੧੧ ਇਸ ਤਰਾਂ ਪਹਿਲੀਆਂ ੧੧ ਨੂੰ ਦੋ ਦਾ ਭਾਗ ਪੂਰਾ ਦਿਤਾ ਤਾਂ ਪੂਰਾ ਨਹੀਂ ਜਾਂਦਾ ਇਸ ਲਈ ਬਿੰਦੂ॰ ਪਹਿਲੇ ਔਰ ਦੂਸਰੇ ੧੦ ਹੈਨ। ਓਹਨਾਂ ਦਾ ਭਾਗ ਪੂਰਾ ਹੋ ਜਾਂਵਦਾ ਹੈ ਇਸ ਵਾਸਤੇ ਰੇਖਾ—ਲਿਖਣੀ ਚਾਹੀਦੀ ਹੈ। ਤੀਜੀ ਸਤਰ ਦੇ ਫਿਰ ੧੧ ਬਿਦੂ ਹਨ ਚੌਥੀ ਦੇ ਫੇਰ੧੧ ਬਿਂਦੂ ਹਨ ਫੇਰ ਬਿੰਦੂ॰ ਲਿਖਣਾ ਚਾਹੀਏ ਬਿੰਦੂ ਰੇਖਾ ਬਿੰਦੂ ⫶ ਸਕਲ ਨਕੀ ਹੋਈ ਔਰ ਏਸੇ ਤਰਾਂ ਪਹਿਲੀ ਦੂਜੀ ਤੀਜੀ ਚੌਥੀ ਸਕਲਾਂ ⫶ ⫶ ⫶ ⫶ ਏਹ ੪ ਹਨ ਜੇਕਰ ਕੁਰਹ ਪਾਸ ਹੋਵੇ ਤਾਂ ਕੁਰਰਾ ਸੁਟ ਕੇ ਇਹ ਚਾਰੇ ਸਕਲਾਂ

ਹਾਸਲ ਕਰ ਲਵੇ। ਜੇਕਰ ਕੁਰਰਾ ਨਾ ਪਾਸ ਹੋਵੇ ਤਾਂ ਇਹ ਜੋ ਕਾਇਦਾ ਹੈ ਇਸੇ ਤਰ੍ਹਾਂ ਕਰੇ।

ਅਬ ਜਾਇਚਾ ਲਿਖਯਤੇ

ਇਹ ਜਾਇਚਾ ਠੀਕ ਠੀਕ ਨਜ਼ਰ ਨਾਲ ਦੇਖੋ। ਸਾਰੇ ਰਮਲ ਦਾ ਕਾਰਬਾਰ ਏਸੇ ਤੇ ਹੀ ਹੈ। ਸਕਲਾਂ ਤੇ ਜਿਥੇ (ਅ) ਅਖਰ ਲਿਖਿਆ

• ਪ	• ਜ	— ਵ	• ਅ	— ਅ	— ਅ	. ਅ	. ਅ
— ਪ	• ਜ	— ਵ	• ਅ	. ਵ	• ਵ	— ਵ	— ਵ
• ਪ	• ਜ	• ਵ	— ਅ	— ਜ	. ਜ	. ਜ	. ਜ
— ਪ	— ਜ	• ਵ	— ਅ	— ਪ	. ਪ	— ਪ	• ਪ

(14) (13) (16) (15)

ਹੈ ਓਹ ਅਗਨੀ ਤਤ ਹੈ (ਵ) ਵਾਯੂ ਹੈ। (ਜ) ਜਲ ਹੈ (ਪ) ਪ੍ਰਿਥਵੀ ਹੈ।
ਜਾਇਚੇ ਦੀਆਂ ਜੋ ਪਹਿਲੀਆਂ ਚਾਰ ਸਕਲਾਂ ਹਨ ਉਹਨਾਂ ਦੀ ਅਗਨੀ ਦੀ ਪੰਜਵੀ ਸਕਲ ਬਨਾਵੈ ਜਿਸਤ੍ਰਾਂ ਪਹਿਲੀਆਂ ਚਵਾਂ ਸਕਲਾਂ ਦੇ ਉਪਰ ਅਗਨੀ ਤਤ ਦੀ ਜਗਐੜਾ(ਅ)ਅਖਰ ਲਿਖਿਆ ਹੈ ਪੰਜਵੀ ਸਕਲ ਉਤੇ ਸਾਰੇ ਐੜੇ (ਅ) ਅਖਰ ਲਿਖੇ ਹੋਏ ਹੈਨ ਦੇਖੋ ਪਹਿਲੀ ਸਕਲ ਦੀਅਗਨੀ ਤਤ ਬਿੰਦੂ ਹੈ। ਦੂਸਰੀ ਦੀ ਅਗਨੀ ਭੀ ਬਿੰਦੂ ਹੈ ਤੀਸਰੀ ਭੀ ਰੇਖਾ ਚੋਥੀ ਭੀ ਰੇਖਾ ਹੈ। ਬਿੰਦੂੰ ਬਿੰਦੂੰ ਰੇਖਾ–ਰੇਖਾ–ਏਹ ⠿ ਸਕਲ ਪੈਦਾ ਹੋਈ ਸੋਈ ਏਹ ਪੰਚਮੇ ਅਸਥਾਨ ਮੇ ਲਿਖੀ ਹੋਈ ਹੈ। ਪਹਿਲੀਆਂ ਚਵਾਂ ਸਕਲਾਂ ਦੀ ਵਾਯੂ ਸਥਾਨ ਵਿਚ (ਵ) ਲਿਖਿਆ ਹੈ। ਸੋ ਛੇਵੀ ਸਕਲ (ਵ) ਅਖਰ ਦੀ ਬਨੀ ਹੋਈ ਹੈ। ਸਤਵੀ ਸਕਲਚਵਾਂ ਸਕਲਾਂ ਦੇ ਜਲ ਤਤ ਦੀ ਬਨੀ ਹੈ ਸੋ ਸਕਲਾਂ ਦੇ ਜਲ ਤਤ ਦੀ ਜਗਾ ਚਾਰ ਜਜੇ ਲਿਖੇ ਹੋਏ

ਹੈਨ ਔਰ ਸਤਵੀ ਸਕਲ ਉਤੇ ਭੀ ਚਾਰ ਜਜੇ
ਲਿਖੇ ਹੋਏ ਹੈਨ। ਅਠਵੀਂ ਸ਼ਕਲ ਚਵਾਂ ਸ਼ਕਲਾਂ
ਦੇ ਪ੍ਰਿਥਵੀ ਤਤ ਦੀ ਬਣੀ ਹੋਈ ਹੈ ਔਰ ਚਵਾਂ
ਸਕਲਾਂ ਦੇ ਪ੍ਰਿਥਮੀ ਤਤ ਕੇ ਅਸਥਾਨ ਮੇਂ ਇਹ
(ਪ੍ਰੂੰ) ਅਖਰ ਲਿਖਿਆ ਹੋਇਆ ਹੈ ਸੋ ਅਠਵੀਂ
ਸਕਲ ਇਸ (ਪ੍ਰੂੰ) ਅਖਰ ਦੀ ਬਣੀ ਹੋਈ ਹੈ।
ਹੁਣ ਅਠ ਸ਼ਕਲਾਂ ਤਾਂ ਬਣ ਗਈਆਂ ਬਾਕੀ
ਅਠ ਰਹਿ ਗਈਆਂ। ਸੋ ਉਹ ਇਕ ਦੂਸਰੀ ਦੀ
ਜ਼ਰਬ ਨਾਲ ਬਣਦੀਆਂ ਹਨ ਅਗੇ ਉਹ ਭੀ
ਲਿਖਦੇ ਹਾਂ। ਪਹਿਲੀ ਦੂਜੀ ਸ਼ਕਲ ਇਹ -:
⁝ ਹਨ ਏਹਨਾਂ ਦੀ ਜ਼ਰਬ ਨਾਲ ਨਾਵੀਂ
ਸ਼ਕਲ ਪੈਦਾ ਹੋਵੇਗੀ। ਇਹਨਾਂ ਸ਼ਕਲਾਂ ਦੀ
ਅਗਨ ਤਤ ਦੇ ਬਿੰਦੂ ਹਨ ਪ੍ਰਿਥਵੀ ਤਤ ਇਕ
ਰੇਖਾ ਇਕ ਬਿੰਦੂ ਹੈ ਸੋ ਅਗਨ ਤਤ ਦੇ ਦੋ ਬਿੰਦੂ
ਜ਼ਰਬ ਖਾ ਕੇ ਇਕ ਰੇਖਾ ਹੋ ਗਈ। ਵਾਯੂ ਦੀਆਂ
ਦੋਵੇਂ ਰੇਖਾ ਜ਼ਰਬ ਖਾ ਕੇ ਇਕ ਰੇਖਾ ਹੋ ਗਈ
ਤੇ ਜਲ ਤਤ ਦੇ ਦੋਵੇਂ ਬਿੰਦੂ ਮਿਲਕੇ ਇਕ ਰੇਖ

ਬਣ ਗਈ ਤੇ ਪ੍ਰਿਥਵੀ ਦਾ ਇਕ ਬਿੰਦੂ ਤੇ ਰੇਖਾ ਮਿਲਕੇ ਇਕ ਬਿੰਦੂ ਪੈਦਾ ਹੋਇਆ ਅਗਨ ਤਤ ਰੇਖਾ ਵਾਯੂ ਤਤ ਰੇਖਾ ਪ੍ਰਿਥਵੀ ਤਤ ਬਿੰਦੂ ਰੇਖਾ-ਰੇਖਾ-ਰੇਖਾ-ਬਿੰਦੂ ਏਹ ਨਾਵੀ ਸਕਲ ਪੈਦਾ ਹੋਈ ≡ ਹੁਣ ਤੀਸਰੀ ਸਕਲ ਇਹ ਹੈ ⁝ ਤੇ ਚੋਥੀ ਸਕਲ ਇਹ ਹੈ ≡ ਹੈ। ਜਦ ਏਹਨਾ ਦੋਹਾਂ ਨੂੰ ਜਰਬ ਦਿਤੀ ਤਾਂ ਇਹ ≡ ਦਸਵੀਂ ਸਕਲ ਪੈਦਾ ਹੋਈ ॥ ਪੰਜਵੀਂ ਸਕਲ ਇਹ ≐ ਤੇ ਛੇਵੀਂ ਇਹ ≡ ਹੈ ਜਦ ਦੋਹਾਂ ਨੂੰ ਜਰਬ ਦਿਤਾ ਤਾਂ ਇਹ ⁝ ਯਾਰਵੀਂ ਸਕਲ ਪੈਦਾ ਹੋਈ ਸਤਵੀਂ ਸਕਲ ਇਹ ⁝ ਤੇ ਅਠਵੀਂ ਏਹ ≐ ਹੈ ਜਦ ਜਰਬ ਦਿਤੀ ਤਾਂ ਇਹ ≡ ਬਾਰਵੀਂ ਸਕਲ ਪੈਦਾ ਹੋਈ ਨਾਵੀ ≡ ਤੇ ਦਸਵੀਂ ≡ ਨੂੰ ਜਰਬ ਦਿਤੀ ਤਾਂ ਇਹ ਸਕਲ ਤੇਰਵੀ ≡ ਪੈਦਾ ਹੋਈ ਜਦ ਯਾਰਵੀ ⁝ ਤੇ ਬਾਰਵੀਂ ≡ ਨੂੰ ਜਰਬ ਦਿਤਾ ਤਾਂ ਇਹ ⁝ ਸਕਲ ਚੌਧਵੀਂ ਪੈਦਾ ਹੋਈ ਜਦ ਤੇਰਵੀ ≡ ਤੇ ਚੌਧਵੀ ⁝ ਨੂੰ ਜਰਬ ਦਿਤਾ ਤਾਂ ਪੰਦ੍ਰਵੀਂ ≡

ਅਤੇ ਪਹਿਲੀ –: ਨੂੰ ਜਰਬ ਦਿਤਾ ਤਦ ਸੋਲਵੀਂ
ਸਕਲ਼ ਇਹ ☰: ਪੈਦਾ ਹੋਈ। ਸਾਰੀਆਂ ਸੋਲਾਂ
ਸਕਲਾਂ ਪੂਰੀਆਂ ਹੋਈਆਂ। ਜਰਬ ਦੇਵਨੇ ਦਾ
ਇਹ ਕਾਇਦਾ ਹੈ ਕਿ ਜਦ ਰੇਖਾ ਨੂੰ ਰੇਖ ਦੇ
ਨਾਲ ਜਰਬ ਦੇਈਏ ਤਦ ਰੇਖਾ ਹੋ ਜਾਂਵਦੀ ਹੈ
ਅਤੇ ਰੇਖਾ ਨੂੰ ਜੌਜ ਅਰਥ ਜਿਸਤ ਭੀ ਆਖਦੇ
ਹੈਨ ਤੇ ਜਦ ਜਿਸਤ ਨੂੰ ਜਿਸਤ ਨਾਲ ਜੋੜੀਏ
ਤਦ ਬੀ ਜਿਸਤ ਹੀ ਬਨ ਜਾਂਵਦਾ ਹੈ ਕਿਉਂਕਿ
ਦੋ ਜਿਸਤ ਹੈ ਜਦ ਏਸ ਦੇ ਵਿਚ ਦੋ ਹੋਰ ਜੋੜੇ
ਤਦ ਚਾਰ ਹੋਏ ਤੇ ਚਾਰ ਭੀ ਜਿਸਤ ਹੀ ਹੈ ਅਤੇ
ਜਦ ਰੇਖਾ ਨੂੰ ਬਿੰਦੂ ਨਾਲ ਜਰਬ ਦੇਈਏ ਤਾਂ
ਬਿੰਦੂ ਪੈਦਾ ਹੁੰਦਾ ਹੈ ਕਿਉਂਕਿ ਬਿੰਦੂ ਨੂੰ ਫਰਦ
ਅਰਥ ਟਾਂਕ ਆਖਦੇ ਹੈਨ ਤੇ ਜਦ ਜਿਸਤ ਵਿਚ
ਤਾਂਕ ਨੂੰ ਜੋੜੀਏ ਤਦ ਟਾਂਕ ਹੀ ਹੋ ਜਾਂਵਦਾ ਹੈ
ਦੋ ਜਿਸਤ ਹੈ ਤੇ ਇਕ ਟਾਂਕ ਹੈ ਜਦ ਏਨਾਂ ਨੂੰ
ਅਕਠਾ ਕੀਤਾ ਤਦ ਇਕ ਤੇ ਦੋ ਤਿੰਨ ਹੋਏ ਤੇ
ਤਿੰਨ ਟਾਂਕ ਹੀ ਦਾ ਹੈਹੁ ਅਤੇ ਜਦ ਬਿੰਦੂ ਨਾਲ

ਬਿੰਦੂ ਨੂੰ ਜਰਬ ਦੇਈਏ ਤਦ ਰੇਖਾ ਪੈਦਾ ਹੁੰਦੀ ਹੈ ਕਿਉਂਕਿ ਟਾਂਕ ਨੂੰ ਟਾਂਕ ਦੇ ਵਿਚ ਇਕਠਾ ਕੀਤਾ ਤਾਂ ਜਿਸਤ ਹੁੰਦਾ ਹੈ ਇਕ ਟਾਂਕ ਹੈ ਏਸ ਨੂੰ ਇਕ ਦੇ ਨਾਲ ਜੋੜਿਆ ਤਦ ਇਕ ੧ਵਾ੧ ਤੇ ਇਕ ਦੋ ਹੋਏ ਮਤੇ ਦੋ ਜਿਸਤ ਹੈ।

ਹੁਣ ਅਮਹਾਤ ਬਨਾਵਨ ਕੀ ਹੋਰ ਬਿਧ ਲਿਖਦੇ ਹਾਂ

ਇਕ ਦਮ ਵਿਚ ਗੋਲ ਲੀਕਾ ਇਸਤ੍ਰਾਂ ਖਿਚੇ ਅਣਗਿਣਤ ਖਿਚੇ ਤੇ ਪਿਛੋਂ ਸਾਰੀਆਂ ਲੀਕਾਂ ਦੀ ਗਿਣਤੀ ਕਰੇ ਜਿਤਨੀਆਂ ਓਹ ਲੀਕਾਂ ਹੋਵਨ ਓਹਨਾਂ ਵਿਚੋਂ ਸੋਲਾਂ ਦਾ ਭਾਗ ਦੇਵੇ ਤੇ ਜੋ ਬਾਕੀ ਬਚ ਰਹੇ ਉਤਨੀ ਸਕਲ ਕਿਸੇ ਦਾਇਰੇ ਦੀ ਲੈ ਲਵੇ ਫੇਰ ਓਸ ਥੇ ਸਤਵੀਂ ਸਕਲ ਅਗੇ ਲਿਖ ਲਵੇ ਇਕ ਸਕਲ ਤਾ ਪਹਿਲਾਂ ਹੋਵੇਗੀ ਤਿੰਨ ਸਕਲਾਂ ਸਤਵੀਆਂ ਸਤਵੀਆਂ ਲਿਖੇ ਪੂਰੀਆਂ ਚਾਰ ਸਕਲਾਂ ਬਨਾਕੇ ਅਮਹਾਤ ਬਨਾ ਲਵੇ ਫੇਰ ਚਵਾਂ ਸਕਲਾਂ ਤੋਂ ਜਾਇਚਾ ਬਨਾ ਲਵੇ ਸੋ

ਹੈ ਪਰ ਇਕ ਹੋਰ ਦਾਇਰਾ ਭੀ ਬਨਾਕੇ ਤੁਹਾਨੂੰ ਦਸ ਦੇਵ ਨੇ ਹਾਂ (੨੧) ਦੇਖੋ ਏਹ ਜੋ ਗੋਲ ਚਰ-ਖੜੀ ਆਂਸਾਂ ਬਨਾਈ ਹੈ ਏਸ ਦੇ ਵਿਚ ਇਕੀ ਲੀਕਾਂ ਇਕ ਦਮ ਵਿਚ ਖਿਚੀਆਂ ਹਨ ਏਹ ਬਾਤ ਯਾਦ ਰਖੋ ਕਿ ਖਿਚਨ ਦੇ ਵਕਤ ਲੀਕਾਂ ਅਨਗਿਣਤ ਖਿਚੋ ਪਿਛੋਂ ਗਿਣ ਲਵੋ ਅਸਾਂ ਜਾ ਲੀਕਾਂ ਖਿਚਕੇ ਗਿਣੀਆਂ ਤਾਂ ਇਕੀ ਹੋਈਆਂ ਤਾਂ ਉਪਰਲੇ ਕਾਇਦੇ ਮੂਜਬ ਇਕੀਆਂ ਨੂੰ ਸੋਲਾਂ ਦਾ ਦਾ ਭਾਗ ਦਿਤਾ ਤੇ ਪੰਜ ਬਾਕੀ ਰਹੇ ਹੁਣ ਕਿਸੇ ਦਾਇਰੇ ਦੀ ਪੰਜਵੀ ਸਕਲ ਲਵੋ ਅਜੇ ਤੁਹਾਨੂੰ ਕੋਈ ਦਾਇਰਾ ਦਸਿਆ ਨਹੀਂ ਗਿਆ ਪਹਿਲਾਂ ਤੁਹਾਨੂੰ ਸੁਕਨ ਦਾ ਦਾਇਰਾ ਲਿਖ ਕੇ ਸਮਝਾ ਲੈਨੇ ਹਾਂ ਪਿਛੇ ਤੁਹਾਨੂੰ ਏਹ ਮਸਾਲ ਭੀ ਦਸਾਂਗੇ ਹੁਣ ਮੈਂ ਸਕਨ ਦਾ ਦਾਇਰ ਲਿਖਦਾ ਹਾਂ ਅਗੇ ਜਾ ਕੇ ਹੋਰ ਦਾਇਰੇ ਲਿਖਾਂਗਾ ਦਾਇਰਾ ਸਕਨ ਦਾ ਇਹ ਹੈ ਠੀਕ ੨ ਧਿਆਨ

ਨਾਲ ਦੇਖੋ

ਹੁਣ ਮੈਂ
ਤੁਹਾਨੂੰ ਏਹਨਾਂ ਸਕਲ ਦੇ ਨਾਮ ਲਿਖ ਕੇ
ਦਸ ਦਾ ਹਾਂ ਪਹਿਲੀ ਸਕਲ ਲਿਆਨੇ ਹੈ ਦੂਜੀ
ਸਕਲ ਕਬ[illegible]ਲ ਦਾਖਲ ਹੈ ਤੀਸਰੀ ਕਬਜੁਲ
ਖਾਰਜ ਹੈ ਚੌਥੀ ਜਮਾਇਤ ਹੈ ਪੰਜਵੀ ਫਰਹ ਹੈ
ਛੇਵੀ ਉਕਲਾ ਹੈ ਸਤਵੀ ਅੰਕੀਸ ਹੈ ਅਠਵੀ
ਹੁਮਰਾ ਹੈ ਨਾਵੀ [illegible]ਆਜ ਹੈ ਦਸਵੀ ਨੁਸਰਤੁਲ
ਖਾਰਜ ਹੈ ਯਾਰਵੀ ਨੁਸਰਤੁਲ ਦਾਖਲ ਹੈ
ਬਾਰਵੀ ਅਤਵੇ ਖਾਰਜ ਹੈ ਤੇਰਵੀ ਨਕੀ ਹੈ
ਚੌਦਵੀ ਆਂਤਵੇ ਦਾਖਲ ਹੈ ਪੰਦ੍ਰਵੀ ਸਕਲ
ਇਜਤਮਾਹ ਹੈ ਸੋਲਵੀ ਤਰੀਕ ਹੁਣ ਚਰਖੜੀ
ਦੀ ਮਸਾਲ ਦੇਖੋ ਜਦ ਸੋਲਾ ਦਾ ਭਾਗ ਦਿਤਾ
ਸੀ ਤਦ ਪੰਜ ਬਾਕੀ ਰਹੇਸੀ ਤੇ ਦਾਇਰੇ ਦੀ
ਦੀ ਪੰਜਵੀ ਸਕਲ ਫਰਹ ਹੈ ਪਹਿਲੇ ਜਾਇਚੇ
ਸਕਲ ਇਹ ਹੋਈ । ਏਸਥੋਂ ਸਤਵੀ ਸਕਲ
ਨੁਸਰਤੁਲ ਦਾਖਲ ਹੈ ਏਹ ਜਾਇਚੇ ਦੀ

ਦੂਸਰੀ ਸਕਲ ਹੋਈ ਏਸ ਸਕਲ ਤੋਂ ਸਤਵੀ ਸਕਲ ਦਾਇਰੇ ਵਿਚ ਲਿਆਨ ⩧ ਹੈ ਏਹ ਜਾਇਚੇ ਦੀ ਤੀਸਰੀ ਸਕਲ ਹੋਈ ⩧ ਏਸ ਸਕਲ ਤੋਂ ਸਤਵੀ ਸਕਲ ਅੰਕੀਸ = ਹੈ ਏਹ ਜਾਇਚੇ ਦੀ ਚੌਥੀ ਸਕਲ ਹੋਈ ਹੁਣ ਚਾਰੇ ਅਮਹਾਤ ਸਕਲਾ ਜਾਇਚੇ ਦੀਆ ਤਰਹਾਂ ÷

• ਪ — ਜ • ਵ • ਅ | — ਅ • ਅ — ਅ • ਅ
• ਪ • ਜ — ਵ — ਅ | — ਵ — ਵ — ਵ • ਵ
— ਪ — ਜ — ਵ • ਅ | — ਜ — ਜ • ਜ — ਜ
• ਪ — ਜ — ਵ — ਅ | • ਪ — ਪ • ਪ • ਪ

ਨੁਸਰਤੁਲ ਵਾਖਲ ═ ਲਿਆਨ ± ਅੰਕੀਸ ≡ ਹੈਨ ਜਾਇਚਾ (ਇਹ ਸਫਾ ੩੦ ਹੇਠ ਵੇਖੋ) ਪਹਿਲੀਆਂ ਚਵਾਂ ਸਕਲਾਂ ਦੀ ਅਗ ਅਰਬ(ਅ) ਅਖਰ ਦੀ ਪੰਜਵੀਸਕਲ (ਵ) ਦੀ ਛੇਵੀਂ ਸਕਲ (ਜ) ਦੀ ਸਤਵੀਂ ਸਕਲ (ਪ) ਦੀ ਅਠਵੀਂ ਸਕਲ ਬਣੀ ਪਹਿਲੀ ਦੂਸਰੀ ਦੀ ਨਾਵੀ ਸਕਲ ਤੀਸਰੀ ਚੌਥੀ ਦੀ ਜਰਬ ਨਾਲ ਦਸਵੀਂ ਸਕਲ ਪੈਦਾ ਹੋਈ ਪੰਜਵੀ ਛੇਵੀਂ ਸਕਲ ਵਿਚੋਂ ਯਾਰਵੀਂ ਸਕਲ ਪੈਦਾ ਹੋਈ। ਸਤਵੀਂ ਅਠਵੀਂ ਸਕਲ ਸੇ ਬਾਰਵੀਂ ਸਕਲ ਪੈਦਾ ਹੋਈ ਨਾਵੀ ਦਸਵੀਂ ਸੇ ਤੇਰਵੀਂ ਸਕਲ ਪੈਦਾ ਹੋਈ। ਯਾਰਵੀਂ ਬਾਰਵੀਂ ਸੇ ਚੋਦਵੀਂ ਸਕਲ ਪੈਦਾ ਹੋਈ ਤੇਰਵੀਂ ਚੌਧਵੀਂ ਸਕਲ ਸੇ ਪੰਦ੍ਰਵੀਂ ਸਕਲ ਪੈਦਾ ਹੋਈ ਪੰਦ੍ਰਵੀਂ ਤੇ ਪਹਿਲੀ ਸੇ ਸੋਲਵੀਂ ਪੈਦਾ ਹੋਈ

ਇਕ ਹੋਰ ਤ੍ਰੀਕਾ ਅੰਮਹਾਤ ਬਨਾਵਨ ਦਾ ਇਹ ਹੈ

ਇਕ ਦਮ ਵਿਚ ਚਾਰ ਸਤਰਾਂ ਬਿੰਦੂਆਂ ਦੀਅ

ਖਿਚੇਤੇ ਬਿੰਦੂ ਹਰ ਇਕ ਸਤਰ ਦੇ ੨੫ ਕੋਲੋਂ
ਘਟ ਨ ਹੋਵਨਾ ਤੇ ੪੫ ਕੋਲੋਂ ਵਧ ਨਾ ਹੋਵਨ
ਤੇ ਹਰ ਇਕ ਸਤਰ ਦੇ ਵਿਚੋਂ ਇਕ ਇਕ ਸਕਲ
ਬਨਾਕੇ ਚੌਸਤ੍ਰਾਂ ਵਿਚੋਂ ਇਸਤ੍ਰਾਂ ਸਕਲਾਂ ਬਨਾਕੇ
ਜਾਇਛਾ ਪੂਰਾ ਕਰੇ ਹਰ ਇਕ ਸਤਰ ਨੂੰ ਪਹਿਲੇ
ਦੋ ਦਾ ਭਾਗ ਦੇਵੇ ਜੇ ਪੂਰਾ ਭਾਗ ਹੋਵੇ ਤਦ ਰੇਖਾ
ਲਿਖੇ ਜੇ ਪੂਰਾ ਨਾ ਹੋਵੇ ਤਦ ਬਿੰਦੂ ਲਿਖੇ ਫੇਰ
ਉਸੇ ਸਤਰ ਨੂੰ ਚੌਹ ਭਾਗ ਦੇਵੇ ਜੇ ਪੂਰਾ ਜਾਇ
ਤਦ ਰੇਖਾ ਲਿਖੇ ਜੇ ਪੂਰਾ ਨਾ ਜਾਏ ਤਦ ਬਿੰਦੂ
ਲਿਖ ਲਵੇ ਫੇਰ ਅਠਾਂ ਤੇ ਸੋਲਾਂ ਦਾ ਭਾਗ ਦੇਵੇ
ਜੇ ਪੂਰਾ ਜਾਏ ਤਦ ਰੇਖਾ ਲਿਖੇ ਜੇ ਪੂਰਾ ਨਾ ਜਾਵੇ
ਤਦ ਬਿੰਦੂ ਲਿਖੇ ਮਸਾਲ ਇਹ ਹੈ ਸਤ੍ਰ ਦੇ ਬਿੰਦੂ

⋮⋮ ⋮ ⋮ ⋮ ⋮ ⋮ ⋮ ⋮ ⋮ ⋮ ⋮

⋮ ⋮ ⋮ ⋮ ⋮ ⋮ ⋮ ⋮ ⋮ ⋮ ⋮

⋮ ⋮ ⋮ ⋮ ⋮ ⋮ ♦ ♦ ♦

੩੦ ਹੈਨ ਪਹਿਲਾਂ ਦੋ ਦਾ ਭਾਗ ਦਿਤਾ ਤਾ ਪੂਰਾ
ਭਾਗ ਨਹੀਂ ਜਾਂਦਾ ਤਾਂ ਬਿੰਦੂ ਲਿਖਿਆ ਫੇਰ

ਸੋਲਾਂ ਦਾ ਭਾਗ ਦਿਤਾ ਪੂਰਾ ਨਹੀਂ ਜਾਂਦਾ ਬਿੰਦੂ
ਲਿਖਿਆ ਏਸ ਤਰਾਂ ਇਕ ਸਤ੍ਰ ਵਿਚੋਂ ਸਕਲ
ਅਤੇ ਖ਼ੇਦਾਖ਼ਲ ਪੈਦਾ ਹੋਈ ਦੂਸਰੀ ਸਤ੍ਰ ਦੇ ਇਕੜੀ
ਬਿੰਦੂ ਹੈਨ । ਨਾ ਤਾ ਏਹ ਦੋ ਉਪਰ ਚਾਰ ਉਪਰ
ਨਾਂ ਅਠ ਉਪਰ ਨਾ ਸੋਲਾਂ ਉਪਰ ਪੂਰਾ ਭਾਗ
ਜਾ ਸਕਦਾ ਹੈ ਏਸ ਵਾਸਤੇ ਸਕਲ ਤ੍ਰੀਕ ⁝
ਏਸ ਸਤ੍ਰ ਵਿਚੋਂ ਪੈਦਾ ਹੋਈ ਤੀਜੀ ਸਤ੍ਰ ਵਿਚ
੩੨ ਬਿੰਦੂ ਹੈਨ ਜਦ ਦੋ ਦਾ ਭਾਗ ਦਿਤਾ ਤਦ
ਪੂਰਾ ਆਇਆ ਜਦ ੮ ਅਤੇ ਸੋਲਾਂ ਅਤੇ ਸੋਲਾਂ
ਦਾ ਭਾਗ ਦਿਤਾ ਤਦ ਭੀ ਪੂਰਾ ਆਇਆ ਏਸ
ਵਾਸਤੇ ਤੀਸਰੀ ਸਤਰ ਤੋਂ ਸਕਲ ਜਮਾਇਤ
ਪੈਦਾ ਹੋਈ ☰ ਹੁਣ ਚੌਥੀ ਸਤਰ ਦੇ ਬਿੰਦੂ ੨੯
ਹੈਨ। ੨੯ ਚੌ ਅਤੇ ਦੋ ਉਪਰ ਪੂਰਾ ਭਾਗ
ਜਾਂਦਾ ਹੈ ਅਤੇ ਅਠ ਅਤੇ ਸੋਲਾਂ ਉਤੇ ਪੂਰਾ
ਭਾਗ ਨਹੀਂ ਜਾ ਸਕਦਾ ਏਸ ਵਾਸਤੇ ਚੌਥੀ
ਸਤਰ ਵਿਚੋਂ ਸਕਲ ਨੁਸਰਤੁਲ ਦਾਖਲ ਪੈਦਾ
ਹੋਈ ⚍ ਏਹ ਚਾਰ ਸਕਲਾਂ ⚍ ⁝ ☰ ⚍

ਪੈਦਾਂਹੋਈਆਂ ਜਾਇਚ ਬਨਾਵਨ ਦੀਕੋਈਜਰੂਰਤ
ਨਹੀਂ ਹੈ ਕਿਉਂਕਿ ਇਬਾਰਤ ਲੰਮੀ ਹੋ ਜਾਂਵਦੀ ਹੈ
ਜੇਕਰ ਕਿਸੇ ਦੇ ਪਾਸ ਕੁਰਣਹਹੋਵੇ ਤ੍ਰਾਂ ਉਸ ਨਾਲ
ਜਲਦੀ ਹੀ ਅਸਾਨੀ ਨਾਲ ਚਾਰ ਸਕਲਾਂ ਬਣ
ਜਾਂਵਦੀਆਂ ਹੈਨ ਅਗੇ ਮੈਂ ਕੁਣਰਹ ਬਣਾਵਣ
ਦੀ ਬਿਧ ਅਤੇ ਵਖਤ ਅਤੇ ਤ੍ਰੀਕਾ ਲਿਖਦਾ ਹਾਂ ।

ਕੁਰਰਾ ਤਿਆਰ ਕਰਨ ਦੀ ਬਿਧੀ

ਜੋ ਠੀਕ ਵਕਤ ਕੁਰਰਾ ਬਣਾਇਆ
ਜਾਵੇਗਾ ਓਹੀ ਠੀਕ ਕੰਮ ਦੇਵੇਗਾ ਜਿਸ
ਵੇਲੇ ਸੂਰਜ ਬੁਰਜ ਮੇਖ ਵਿਚ ਜਾਵੇ ਤੇ
ਅਠਾਰਾਂ ਅੰਸ ਗਿਆ ਹੋਵੈ ਤੇ ਜਿਸ ਨੂੰ ਸਰਫ
ਦਾ ਸੂਰਜ ਆਖਦੇ ਹੈਣ ਹੋਵੈ ਓਸ ਦਿਨ ਕੁਰਰਾ
ਬਨਾਵੇ ਤੇ ਦਿਨ ਭੀ ਉਸ ਦਿਨ ਸਾਫ ਹੋਣਾ
ਚਾਹੀਦਾ ਹੈ ਤਾਂ ਅਠਾਂ ਧਾਤਾਂ ਦਾ ਕੁਰਰਹ ਬਨਾਵੇ
ਆਪ ਪਾਸ ਬੈਠ ਕੇ ਤੇ ਅਠ ਧਾਤਾ ਇਹ ਹੈਨ
ਸੋਨਾਂ ਚਾਂਈ ਲੋਹਾ ਸਿਕਾ ਕਲੀ ਤਾਬਾਂ ਜਿਸਤ
ਰੁਪਾ ਅਸਲ ਸਤ ਧਾਤਾ ਹੈਨ ਰੁਪਾਂ ਕਚੀ ਧਾਤ

ਹੋਂਵਦੀ ਹੈ ਜੋ ਅਸਲ ਵਿਚ ਕਚੀ ਚਾਂਦੀ ਹੁੰਦੀ ਹੈ ਓਸਨੂੰ ਵਿਚ ਪਾਵਣੇ ਦੀ ਕੋਈ ਜਰੂਰਤ ਨਹੀਂ ਹੈ ਬਨਾਵਨ ਵਾਲਾ ਪਾਕ ਸਾਫ ਹੋਵੇ ਮੂੰਹ ਕਿਬਲੇ ਵਲ ਕਰਕੇ ਰਖੇ ਤੋਲ ਵਿਚ ਕੁਰਰਾ ਸਤ ਤੋਲੇ ਹੋਵੇ ਜੇਕਰ ਸਤਾਂ ਤੋਂ ਲਿਆ ਤੇ ਕੁਛ ਭੀ ਉਤੇ ਹੋ ਤਾਂ ਸਤ ਮਾਸੇ ਜਾਂ ਸਤਰਤੀਆ ਹੋ ਕਿਉਂਕਿ ਸਤਾਂ ਤੋਲਿਆਂ ਵਿਚ ਸਤਾ ਸਤਾਰਿਆਂ ਦੀ ਨਿਸਬਤ ਹੈ ਜਾਂ ਫੇਰ ਬਾਰਾਂ ਤੋਲਿਆਂ ਦਾ ਹੋਵੇ ਕਿਉਂਕਿ ਬਾਰਾਂ ਤੋਲਿਆਂ ਵਿਚ ਬਾਰਾਂ ਬੁਰਜਾਂ ਦੀ ਨਿਸਬਤ ਹੈ। ਸਤਾਂ ਧਾਤਾਂ ਦੀ ਏਹ ਬਾਤ ਹੈ ਕਿ ਉਸ ਪਰਵਰਦ ਗਾਰ ਨੇ ਸਤਾਂ ਸਤਾਰਿਆਂ ਦੀ ਤਾਸੀਰ ਦੇ ਨਾਲ ਸਤ ਧਾਤਾ ਪੈਦਾ ਕੀਤਿਆਂ ਹੈਨ ਸੋਨਾਂ ਸੂਰਜ ਦੀ ਤਾਸੀਰ ਦਾ ਹੈ ਚਾਂਦੀ ਚੰਦ੍ਮਾਂ ਦੀ ਤਸੀਰ ਦੀ ਹੈ। ਲੋਹਾ ਮੰਗਲ ਦੀ ਤਸੀਰ ਦਾ ਹੈ ਸਿਕਾ ਛਨਿਛਰ ਦੀ ਤਸੀਰ ਦਾ ਹੈ ਕਲੀ ਬ੍ਰਹਸਪਤ ਦੀ ਤਸੀਰੇ ਦੀ ਹੈ ਤਾਂਬਾ ਸੁਕਰ ਦੀ ਤਸੀਰ ਦਾ ਹੈ। ਜਿਸਤ ਬੁਧ ਦੀ

ਤਸੀਰ ਦਾ ਹੈ। ਸੋਨਾਂ ਚਾਂਦੀ ਰਤੀ ੨ ਮਾਸਾ ੨
ਪਾਵੇ ਹੋਰ ਧਾਤਾਂ ਜਿਤਨੀਆਂ ਚਾਹੇ ਪਾ ਦੇਵੇ।
ਸਭਨਾਂ ਧਾਤਾਂ ਨੂੰ ਅਕਠੀਆਂ ਗਲਾਂ ਕੇ ਅਠ
ਟੁਕੜੇ ਚਕੋਰ ਬਨਾਵੇ ਅਰ ਓਨਾਂ ਦੇ ਵਿਚ ਵਰਮੇ
ਨਾਲ ਛੇਕ ਕਰਕੇ ਚਾਰ ਚਾਰ ਟੁਕੜੇ ਇਕ ੨
ਤਾਰ ਵਿਚ ਪਰੋਵੇ ਤੇ ਦੋਵੇਂ ਤਾਰਾਂ ਮੋਕਲੀਆਂ
ਰਹਿਨ ਕਿਉਂਕਿ ਟੁਕੜੇ ਚਾਰੇ ਤਰਫ ਫਿਰਦੇ
ਰਹਿਨ ਔਰ ਅਠ ਟੁਕੜਿਆਂ ਦੇ ਇਕ ੨ ਪਾਸੇ
ਦੋ ਦੋ ਰੇਖਾ ਬਨਾਵਣੀਆਂ ਚਾਹੀਏ ਅਰਬ ਇਕ
ਬਿੰਦੂ ਇਕ ਕੌਣ ਉਤੇ ਇਕ ੨ ਪਾਸੇ ਹੋ ਜਾਵਣਗੇ
ਤੇ ਏਨਾਂ ਚਵਾਂ ਬਿੰਦੂਆਂ ਦੀਆਂ ਦੋ ਰੇਖਾ ਬਣ
ਜਾਵਣਗੀਆਂ ਅਸੀਂ ਪਹਿਲਾਂ ਦਸ ਆਏ ਹਾਂ
ਕਿ ਦੋ ਬਿੰਦੂਆਂ ਦੇ ਮਿਲਨ ਨਾਲ ਇਕ ਰੇਖਾ
ਬਣ ਜਾਂਦਦੀ ਹੈ। ਰੇਖਾ ਰੇਖਾ ਮਿਲਨੇ ਸੇ ਰੇਖਾ।
ਰੇਖਾ ਬਿੰਦੂ ਮਿਲਨੇ ਸੇ ਬਿੰਦੂ ਉਤਪਤ ਹੋਂਵਦਾ
ਹੈ ਰੇਖਾ ਦਾ ਨਿਸਾਨ ਇਸਤ੍ਰਾਂ (–) ਕੁਰਰੇ ਉਤੇ
ਨਹੀਂ ਬਣਾਈ ਦਾ ਪਰ ਦੋ ਬਿੰਦੂ ਇਸਤ੍ਰਾਂ (··)

ਲਿਖ ਦੇਂਵਦੇ ਹੈਨ। ਕਿ ਏਨਾਂ ਦੋਆਂ ਬਿੰਦੂਆਂ ਥੋ ਇਕ ਰੇਖਾ ਬਨ ਜਾਵੇ ਦੂਜੇ ਪਾਸੇ ਇਨਾਂ ਦੇ ਸਾਮਨੇ ਦੋ ਬਿੰਦੂ ਇਸਤ੍ਰਾਂ ( ) ਬਣਾਵੰਦੇ ਹੈਨ ਬਾਕੀ ਰਹਿ ਦੋ ਪਾਸੇ ਇਕ ਦੂਸਰੇ ਦੇ ਸਾਮਨੇ ਇਕ ੨ ਰੇਖਾ ਅਤੇ ਇਕ ੨ ਬਿੰਦੂ ਬਨਾਵੰਦੇ ਹੈਨ ਅਸੀਂ ਚਾਰੇ ਪਾਸੇ ਨਸ਼ਾਨ ਬਨਾਕੇ ਤੁਹਾਨੂੰ ਦਸਦੇ ਹਾਂ। ਨਕਸ਼ਾਂ ਕੁਰਰੇ ਦਾ ਇਹ ਹੈ।

ਤੀਜੀ ਸ਼ਕਲ ਇਕ ਬਿੰਦੂ ਰੇਖਾ   ਪਹਿਲੀ ਸ਼ਕਲ ਦੋ ਰੇਖਾਂ

ਚੋਥੀ ਸ਼ਕਲ ਤੀਜੀ ਦੇ ਸਾਮਣੇ ਦੂਸਰੀ ਸ਼ਕਲ ਦੋ ਬਿੰਦੂਪਹਿਲੀਦੇਸਾਮਣੇ

ਅਗੇ ਅਸੀਂ ਅਬਦਹ ਦਾ ਦਾਇਰਾ ਲਿਖਦੇ ਹਾਂ ਔਰ ਏਹ ਦਾਇਰਾ ਅਬਦਹ ਦਾ ਹਜਰਤ ਦਾਨੀਆਲ ਦਾ ਬਨਾਯਾ ਹੋਇਆ ਅਰ ਏਸ ਦੀ ਬੜੀ ਜਰੂਰਤ ਪੈਂਦੀ ਹੈ ਅਤੇ ਇਹ ਦਾਇਰੇ ਵਿਖੇ ਰਾਜਾ ਹੈ ਏਸ ਦੇ ਬਨਾਵਨ ਦਾ ਤ੍ਰੀਕਾ ਅਗੇ ਜਾਕੇ ਲਿਖਾਂਗੇ ਅਤੇ ਹੋਰ ਭੀ ਬਹੁਤ ਸਾਰੇ

ਦਾਇਰੇ ਲਿਖਾਂਗੇ ਤੇ ਨਾਲ ਬਨਾਵਨ ਦਾ ਤ੍ਰੀਕ
ਭੀ ਲਿਖਾਂਗੇ ਹੁਣ ਦਾਇਰੇ ਲਿਖਦੇ ਹਾਂ। ਫਾਰਸ
ਵਿਚ ਦਾਇਰੇ ਨੂੰ ਤਸਕੀਨ ਭੀ ਆਖਦੇ ਹੋ
ਦਾਇਰਾ ਅਬਦਹ ਇਹ ਹੈ।

ਹੁਣ ਅਸੀਂ ਏਨਾਂ ਸ਼ਕਲਾਂ
ਨਾਮ ਭੀ ਲਿਖ ਦੇ ਹਾਂ ਤਾਂ ਕਿ ਪੜ੍ਹਨ ਵਾਲਿਆ
ਨੂੰ ਫਾਇਦਾ ਹਾਸਲ ਹੋਏ ਪਹਿਲੀ ਸ਼ਕਲ
ਲਿਆਨ ਦੂਜੀ ਹੁਮਰਾ ਤੀਜੀ ਨੁਸਰ ਤੁਲਖਾਰ
ਚੌਥੀ ਬਿਆਜ ਪੰਜਵੀਂ ਕਬਜੁਲ ਖਾਰਜ ਛੇਵੀਂ
ਇਜਤਮਾਹ ਸਤਵੀਂ ਅਠਵੇਂ ਖਾਰਜ ਅਠਵੀਂ
ਅੰਕੀਸ ਨੌਵੀਂ ਉਕਲਾ ਦਸਵੀਂ ਕਬਜੁਲਦਾਖਲ
ਯਾਰਵੀਂ ਫਰਹ ਬਾਰਵੀਂ ਨੁਸਰ ਤੁਲ ਦਾਖਲ
ਤੇਰਵੀਂ ਨਕੀ ਚੋਦਵੀਂ ਅਤਵੇ ਦਾਖਲ ਪੰਦਰਵੀਂ
ਤ੍ਰੀਕ ਸੋਲਵੀਂ ਜਮਾਇਤ ਜੋ ਕੋਈ ਏਹ ਦਾਇਰ
ਹਜ਼ਰਤ ਦਾਨੀਆਲ ਦਾ ਅਛੀ ਤਰਾਂ ਜਾਣਦ
ਹੋਵੇਗਾ ਉਸ ਪਰ ਜ਼ਮੀਰ ਅਤੇਅਹਕਾਮ ਜਲਦੀ

ਖੁਲ ਜਾਵੇਗਾ । ਤਾਂ ਤੇ ਏਸ ਦਾਇਰੇ ਨੂੰ
ਅਛੀ ਤਰਾਂ ਧਿਆਨ ਨਾਲ ਸਮਝਣਾ ਚਾਹੀਏ
ਹੁਣ ਦਾਇਰਾ ਅਬਦਹ ਬਣਾਵਣ ਦੀ ਬਿਧਿ
ਲਿਖਦਾ ਹਾਂ ਜਾਨਣਾ ਚਾਹੀਦਾ ਹੈ ਕਿ ਏਸ
ਦਾਇਰੇ ਦਾ ਨਾਮ ਅਬਦਹ ਕਿਉਂ ਹੋਇਆ
ਔਰ ਇਹ ਸਕਲਾਂ ਏਨਾਂ ਅਸਥਾਨਾਂ ਵਿਖੇ ਕਿਉ
ਰਖੀਆਂ ਗਈਆਂ ਅਤੇ ਏਨਾ ਦੇ ਰਖਨ ਦਾ
ਕੀ ਕਾਇਦਾ ਹੋਇਆ ਹੁਣ ਬਿਆਨ ਏਹ ਹੈ
ਕਿ ਏਸ ਇਲਮ ਦੀ ਪਹਿਲੀ ਸਕਲ ਤ੍ਰੀਕ ਹੈ
ਃ ਅਤੇ ਏਸ ਦੇ ਵਿਚ ਚਾਰ ਤਤ ਹੈਨ ਜੈਸਾ ਕਿ
ਤੁਹਾਨੂੰ ਮਲੂਮ ਹੈ ਤੇ ਹਰ ਤਤ ਦੇ ਸਾਮਣੇ ਇਕ
ਏ ਅਖਰ ਹੈ ਇਸ ਤ੍ਰਾਂ ਃ ਤੇ ਜੋ ਰੇਖਾ ਦੇ ਸਾਮਣੇ
ਅਖਰ ਹੋਵੇਗਾ ਉਸਦੇ ਅਦੱਟ ਦਾ ਕੋਈ ਸ਼ਮਾਰ
ਨਹੀਂ ਕੀਤਾ ਜਾਵੇਗਾ ਕਿਉਂਕਿ ਜੋ ਰੇਖਾ ਹੁੰਦੀ
ਹੈ ਉਸਦਾ ਤਤ ਬਧਾ ਹੋਇਆ ਹੁੰਦਾ ਹੈ ਤੇ
ਫਾਰਸੀ ਵਿਚ ਏਸ ਨੂੰ ਅਕਦ ਆਖਦੇ ਹੈਨ ਤੇ
ਜੇਹੜਾ ਤਤ ਬਿੰਦੂ ਹੋਵੇਗਾ ਓਸਦੇ ਸਾਹਮਣੇ ਜੋ

ਅਖਰ ਹੋਵੇਗਾ ਓਸ ਦੇ ਅਦਦ ਲਏ ਜਾਨ
ਅਤੇ ਓਸਦੇ ਜਿਨੇ ਅਖਰ ਦੇ ਅਦਦ ਹੋਣਗੇ ਓ
ਦਰਜੇ ਵਿਚ ਓਸ ਸ਼ਕਲ ਨੂੰ ਜਗਾ ਦਿ
ਜਾਵੇਗੀ ਦਾਇਰਾ(ਅਬਦਹ)ਏਸਦੇ ਚਾਰ ਅਖ
ਹੈਨ ਐੜਾ ਬਬਾ ਦਦਾ ਹਾਹਾ ਤੇ ਫਾਰਸੀ ਵਿ
ਏਨਾਂ ਅਖਰਾਂ ਨੂੰ ਅਲਫ ਬੇ ਦਾਲ ਆਖਦੇ ਹੈ
ਅਲਫ ਅਦਦ ਦਾ ਹੈ ੧। ਬੇਦੇ ਅਦਦ ੨ ਹੈ
ਦਾਲ ਦੇ ਅਦਦ ੪ ਹੈਨ ਹੇ ਦੇ ਅਦਦ ਅੱ
ਹੈਨ। ਹੁਣ ਦੇਖੋ ਏਸ ਦਾਇਰੇ ਵਿਚ ਪਹਿ
ਸ਼ਕਲ ≡ ਲਿਆਨ ਹੈ ਸੋ ਲਿਆਨ ≡ ਅ
ਸਾਮਣੇ ਇਕ ਅਖਰ ਅਲਫ ਹੈ ਤੇ ਅਲਫ
ਇਕ ਅਦਦ ਹੈ ਏਸ ਵਾਸਤੇ ਸ਼ਕਲ ≡ ਲਿਆ
ਨੂੰ ਪਹਿਲੇ ਖਾਨੇ ਵਿਚ ਰਖਿਆ ਤੇ ਦੂਸਰੇ ਸ਼ਕ
≡ ਹੁਮਰਾ ਹੈ ਸੋ ਹੁਮਰਾ ≡ ਬ ਸ਼ਕਲ
ਸਾਮਣੇ ਬੇ ਅਖਰ ਹੈ ਤੇ ਬੇ ਦੇ ੨ ਅਦਦ ਹੈ
ਏਸ ਵਾਸਤੇ ≡ ਹੁਮਰਾ ਸ਼ਕਲ ਨੂੰ ਦੂਸਰੇ ਖਾ
ਵਿਚ ਜਗਾ ਦਿਤੀ। ਤੀਸਰੀ ਸ਼ਕਲ ≡ ਨੁਸ

ਤੁਲ ਖਾਰਜ ਹੈ ਏਸ ਦੇ ਵਿਚ ਦੋ ਬਿੰਦੂ ਹੈਨ
ਇਕ ਅਗਨੀ ਦਾ ਤੇ ਦੂਸਰਾ ਵਾਯੂ ਦਾ ਸੋ ਇਸ
ਸ਼ਕਲ ਦੇ ਸਾਮਨੇ ∴ ਅ ਬ ਦੋ ਅਖਰ ਅਲਫ
ਤੇ ਬੇ ਹੈ ਸੋ ਅਖਰ ਅਲਫ ਦਾ ੧ ਅਦਦ ਤੇ ਬੇ
ਦੇ ੨ ਅਦਦ ਦੋਵੇਂ ਮਿਲਕੇ ਤਿੰਨ ਹੋਏ ਏਸ
ਵਾਸਤੇ ਸਕਲ ∴ ਨੁਸਰ ਤੁਲ ਖਾਰਜ ਨੂੰ ਤੀਜੇ
ਖਾਨੇ ਵਿਚ ਜਗਾ ਦਿਤੀ ਹ ਚੌਥੀ ਸ਼ਕਲ ॥·।
ਬਿਆਜ ਹੈ ਸੋ ਸ਼ਕਲ ∺ ਦ ਬਿਆਜ ਦੇ ਸਾਮਨੇ
ਜਲ ਤਤ ਵਿਚ ਦਾਲ ਅਖਰ ਹੈ ਤੇ ਫਾਰਸੀ
ਵਿਚ ਦਾਲ ਦੇ ਚਾਰ ਅਦਦ ਹੈਨ ਏਸ ਵਾਸਤੇ
ਸਕਲ ਬਿਆਜ ਨੂੰ ਚੌਥੇ ਖਾਨੇ ਵਿਚ ਲਿਖਿਆ
ਪੰਜਵੀਂ ਸ਼ਕਲ ∸ ਕਬਜੁਲ ਖਾਰਜ ਹੈ ਸੋ ਕਬ
ਜੁਲ ਖਾਰਜ ਦੇ ਸਾਹਮਣੇ ∸ ਅ ਦ ਦੋ ਅਖਰ
ਲਿਖੇ ਹੋਏ ਹੈਨ ਕਿਉਂਕਿ ਇਸ ਸ਼ਕਲ ਵਿਚ ਦੋ
ਤਤ ਹੈਨ ਇਕ ਅਗਨੀ ਦਾ ਤੇ ਇਕ ਜਲ ਦਾ
ਸੋ ਅਗਨ ਤਤ ਦੇ ਸਾਮਹਣੇ ਅਲਫ ਅਖਰ
ਲਿਖਿਆ ਹੋਇਆ ਹੈ ਤੇ ਜਲ ਤਤ ਦੇ ਸਾਹਮਣੇ

ਦਾਲ ਅਖਰ ਲਿਖਿਆ ਹੋਇਆ ਹੈ ਤੇ ਅਲਫ
ਦਾ ੧ ਅਦਦ ਤੇ ਦਾਲ ਦੇ ੪ ਚਾਰ ਅਦਦ
ਦੋਵੇਂ ਮਿਲਕੇ ਪੰਜ ੫ ਹੋਏ ਸੋ ਕਬਜ਼ੁਲ ਖਾਰਜ
—: ਨੂੰ ਪੰਜਵੇਂ ਖਾਨੇ ਵਿਚ ਜਗਾ ਦਿਤੀ ਹੈ ਛੇਵੀਂ
ਸ਼ਕਲ —: ਇਜਤ ਮਾਹ ਹੈ ਤੇ ਇਸਦੇ ਸਾਹਮਣੇ
—: ਬ ਦ ਦੋ ਅਖਰ ਬੇ ਦ ਲ ਹੈਨ ਸੋ ਬੇ ਵਾਯੂ
ਤਤ ਦੇ ਸਾਹਮਣੇ ਹੈ ਬੇ ਦੇ ਅਦਦ ੨ ਤੇ ਦਾਲ
ਦੇ ਅਦਦ ੪ ਦੋਵੇਂ ਮਿਲਕੇ ਛੇ ਹੋਏ ਏਸ ਵਾਸਤੇ
ਸ਼ਕਲ —: ਇਜਤਮਾਹ ਨੂੰ ਛੇਵੇਂ ਸਥਾਨ ਜਗਾ
ਦਿਤੀ ਸਤਵੀਂ ਸ਼ਕਲ —: ਅਤਵੇ ਖਾਰਜ ਹੈ ਸੋ
ਏਸ ਵਿਚ ਤਿੰਨ ਤਤ ਹੈਨ ਇਕ ਅਗਨੀ ਦਾ
ਇਕ ਵਾਯੂ ਦਾ ਤੇ ਇਕ ਜਲਦਾ —: ਸੋ ਇਨਾਂ
ਤਿਨਾਂ ਤਤਾਂ ਦੇ ਸਾਹਮਨੇ ਤਿੰਨੇ ਅਖਰ ਲਿਖੇ
ਹੋਏ ਹੈਨ ਅਲਫ ੧ ਬੇ ੨ ਦਾਲ ਦੇ ੪ ਅਦਦ
ਹੈਨ ਹੁਣ ਚਾਰ ਤੇ ਦੋ ਛੇ ਤੇ ਇਕ ਸਤ ਸੋ ਸਤਵੇ
ਖਾਨੇ ਵਿਚ ਸ਼ਕਲ ਅਤਵੇ ਖਾਰਜ —: ਰਖੀ
ਗਈ ਹੈ ਅਠਵੀਂ ਸ਼ਕਲ ਅੰਕੀਸ ਹੈ ਸੋ ਇਸਦੇ

ਵਿਚ ਇਕ ਤਤ ਪ੍ਰਿਥਵੀ ਦਾ ਹੈ ≡ ਸੋ ਇਸ ਸ਼ਕਲ ≡ ਵਿਚ ਪ੍ਰਿਥਵੀ ਤਤ ਦੇ ਸਾਹਮਣੇ ਅਖਰ ਹੇ ਲਿਖਿਆ ਹੈ ਤੇ ਹੇ ਦੇ ਅਠ ਅਦਦ ਹੈਨ ਸੋ ਇਸ ਸ਼ਕਲ ≡ ਨੂੰ ਅਠਵੇਂ ਖਾਨੇ ਵਿਚ ਲਿਖ ਦਿਤਾ ਨਾਂਵੀਂ ਸ਼ਕਲ ≑ ਉਕਲਾ ਹੈ ਏਸਦੇ ਵਿਚ ਇਕ ਅਗਨੀ ਤਤ ਹੈ ਤੇ ਇਕ ਤਤ ਪ੍ਰਿਥਵੀ ਦਾ ਹੈ ਸੋ ਇਨਾ ਦੋਹਾਂ ਤਤਾਂ ਦੇ ਸਾਹਮਣੇ ਦੋ ਅਖਰ ≑ ਅ ਹ-ਅਲਫ ਹੇ ਲਿਖੇ ਹੈਨ। ਅਲਫ ਦਾ ੧ ਅਦਦ ਹੇ ਦੇ ਅੱਠ ਅਦਦ ਸਾਰੇ ੯ ਹੋਏ ਏਸ ਵਾਸਤੇ ≑ ਏਸ ਸ਼ਕਲ ਨੂੰ ਨਾਵੇ ਅਸਥਾਨ ਵਿਚ ਜਗਾ ਦਿਤੀ। ਦਸਵੀਂ ਸ਼ਕਲ ⩦ ਕਬਜੁਲ ਦਾਖਲ ਹੈ ਏਸ ਦੇ ਵਿਚ ਦੋ ਤਤ ਹੈਨ ਇਕ ਵਾਯੂ ਦਾ ਤੇ ਪ੍ਰਿਥਵੀ ਦਾ ਸੋ ਇਨਾਂ ਤਤਾਂ ਦੇ ਸਾਹਮਣੇ ਦੋ ਅਖਰ ⩦ ਬ ਹ ਬੇ ਹੇ ਲਿਖੇ ਹੈਨ ਬੇ ਦੇ ਦੋ ੨ ਅਦਦ ਤੇ ਦਾਲ ਦੇ ਅਠ ੮ ਅਦਦ ਸਾਰੇ ਮਿਲਕੇ ੧੦ ਦਸ ਹੋਏ। ਸੋ ਏਸ ਸ਼ਕਲ ਨੂੰ ਦਸਵੇਂ ਖਾਨੇ ਵਿਚ ⩦ ਜਗਾ

ਦਿਤੀ ਗਈ ਹੈ ਯਾਰਵੀਂ ਸ਼ਕਲ –: ਫਰਹ ਹੈ
ਏਸ ਸ਼ਕਲ ਦੇ ਵਿਚ ਤਿੰਨ ਤਤ ਹੈਨ। ਇਕ
ਅਗਨੀ ਤਤ ਹੈ ਦੂਜਾ ਵਾਯੂ ਤਤ ਤੀਜਾ ਪ੍ਰਿਥਵੀ
ਤਤ ਹੈ ਤੇ ਏਨਾਂ ਤ੍ਰਿਨਾਂ ਤਤਾਂ ਦੇ ਸਾਹਮਣੇ –:
ਅ ਬ ਹ ਤ੍ਰਿਨ ਅਖਰ ਅਲਫ ਬੇ ਹੇ ਲਿਖੇ ਹੈਨ
ਸੋ ਇਨਾਂ ਤਿੰਨਾਂ ਅਖਗਦੇ ੧੧ ਅਦਦ ਹੈਨ।
ਇਸ ਵਾਸਤੇ ਏਸ ਸ਼ਕਲ ਨੂੰ ੧੧ ਵੇਂ ਖਾਨੇ ਦੇ
ਵਿਚ ਜਗਾ ਦਿਤੀ ਹੈ। ਬਾਰਵੀਂ ਸ਼ਕਲ ਨੁਸਰ
ਤੁਲ ਦਾਖਲ ਹੈ =. ਏਸ ਸ਼ਕਲ ਵਿਚ ਦੋ ਤਤ
ਹੈਨ ਇਕ ਜਲਦਾ ਤੇ ਇਕ ਪ੍ਰਿਥਵੀ ਦਾ ਸੋ ਏਨਾਂ
ਤਤਾਂ ਦੇ ਸਾਹਨਣੇ ਦੋ ਅਖਰ =. ਦ ਹ ਦਾਲ
ਹੇ ਲਿਖੇ ਹੋਏ ਹੈਨ ਤੇ ਦਾਲ ਦੇ ੪ ਅਦਦ ਤੇ ਹੇ
ਦੇ ੮ ਅਦਦ ਇਕਠੇ ੧੨ ਬਾਰਾਂ ਹੋਏ। ਏਸ
ਵਾਸਤੇ ਏਸ ਸ਼ਕਲ =. ਨੂੰ ਬਾਰਵੇਂ ਖਾਨੇ ਵਿਚ
ਜਗਾ ਦਿਤੀ ਹੈ। ਤੇਰਵੀਂ ਸ਼ਕਲ –: ਨਕੀ ਹੈ।
ਏਸ ਵਿਚ ਤਿੰਨ ਤਤ ਅਗਨੀ ਜਲ ਪ੍ਰਿਥਵੀ ਹੈ
ਤੇ ਏਨਾਂ ਤਤਾਂ ਦੇ ਸਾਹਮਣੇ ਤਿੰਨ ਅਖਰ –:

ਅ ਦ ਹ ਅਲਫ ਦਾਹ ਹੇ ਲਿਖੇ ਹੈਨ ਤੇ ਅਲਫ ਦਾ ੧ ਦਾਲ ਦੇ ੪ ਹੇ ਦੇ ੮ ਅਦਦ ਹੈਨ ਸੋ ਇਕ ਤੇ ੪ ਪੰਜ ਤੇ ੮ ਤੇਰਾਂ ੧੩ ਏਸ ਵਾਸਤੇ ਏਸ ਸ਼ਕਲ ∸ ਨੂੰ ਤੇਰਵੇਂ ਖਾਨੇ ਵਿਚ ਲਿਖਿਆ ਹੈ। ਚੋਦਵੀਂ ਸ਼ਕਲ ⁼ ਅਤਵੇ ਦਾਂਖਲ ਹੈ ਏਸ ਦੇ ਵਿਚ ਭੀ ਤਿੰਨ ਤਤ ਵਾਯੂ ੧ ਜਲ ੨ ਪ੍ਰਿਥਵੀ ੩ ਹੈਨ। ਸੋ ਇਨਾਂ ਤਤਾਂ ਦੇ ਸ ਹਮਣੇ ਭੀ ਤਿੰਨ ਅਖਰ ⁼ ਬ ਦ ਹ ਬੇ ੧ ਦਾਲ ੨ ਹੇ ੩ ਲਿਖੇ ਹੈਨ ਬੇ ਦੇ ੨ ਦਾਲ ਦੇ ੪ ਹੇ ਦੇ ੮ ਅਦਦ ਹੈਨ। ਦੋ ਤੇ ੪ ਛੇ ਤੇ ੮ ਚੋਦਾਂ ੧੪ ਸੋ ਏਸ ਸ਼ਕਲ ਨੂੰ ਚੋਧਵੇਂ ਖਾਨੇ ਦੇ ਵਿਚ ਲਿਖਿਆ ਹੈ। ਪੰਦਰਵੀਂ ਸ਼ਕਲ ⁝ ਤ੍ਰੀਕ ਹੈ ਏਸ ਦੇ ਵਿਚ ਚਾਰੇ ਤਤ ਅਗਨੀ ਵਾਯੂ ਜਲ ਪ੍ਰਿਥਵੀ ਹੈਨ ਸੋ ਏਨਾਂ ਤਤਾਂ ਦੇ ਸਾਹਮਣੇ ੪ ਅਖਰ ⁝ ਅਲਫ ਬੇ ਦਾਲ ਹੇ ਲਿਖੇ ਹੈ। ਅਲਫ ੧ ਬੇ ੨ ਦਾਲ ੪ ਹੇ ਅਠ ਅਦਦ ਰਖਦੀ ਹੈ। ੧ ਤੇ ੨ ਤਿੰਨ ਤੇ ੪ ਸਤ ਤੇ ੮ ਪੰਦਰਾਂ ੧੫ ਅਦਦ ਸਾਰੇ ਹੈਨ

ਏਸ ਵਾਸਤੇ ਏਸ ਸ਼ਕਲ ਨੂੰ ⁝ ਪੰਦਰਵੇਂ ਖਾਨੇ ਵਿਚ ਜਗਾ ਦਿਤੀ। ਬਾਕੀ ਰਹੀ ਸ਼ਕਲ ≡ ਜਨਾਇਤ ਏਸਦੇ ਵਿਚ ਕੋਈ ਤਤ ਨਹੀਂ ਹੈ ਖਾਨਾ ਭੀ ਇਹ ਹੀ ਬਾਕੀ ਰਹਿ ਗਿਆ ਤੇ ਸ਼ਕਲ ਭੀ ਇਕ ਹੀ ਬਾਕੀ ਰਹੀ ਖਾਹ ਮਖਾਹ ਇਹ ਸ਼ਕਲ ਸੋਲਵੇਂ ਖਾਨੇ ਦੇ ਲਾਇਕ ਹੋਈ ਇਸੀ ਤਰਾਂ ਪਰਮੇਸ਼ਰ ਗਰੀਬਾਂ ਤੇ ਆਜਜਾਂ ਨੂੰ ਸਭ ਨਾਲੋਂ ਹਛਾ ਦੇਵਦਾ ਹੈ ਪ੍ਰਮੇਸ਼ਰ ਦੀ ਕਿਰਪਾ ਨਾਲ ਦਾਇਰੇ ਅਬਦਹ ਦੀ ਠੀਕ ਠੀਕ ਤਸ-ਕੀਨ ਜਾਹਰ ਹੋ ਗਈ ਹੈ ਦੇਖੋ ਜੋ ਚਾਰ ਤਤ ਹੈਨ ਸੋ ਦਿਸਾ ਨਾਲ ਮਨਸੂਬ ਹੈਨ। ਅਗਨ ਬਿੰਦੂ ਪੂਰਬ ਦਿਸਾ ਵਾਯੂ ਬਿੰਦੂ ਪਛਮ ਦਿਸਕਾ ਹੈ ਜਲ ਬਿੰਦੂ ਪਹਾੜ ਦਿਸਾ ਦਾ ਹੈ ਪ੍ਰਿਥਵੀ ਬਿੰਦੂ ਦਖਣ ਦਿਸਾ ਦਾ ਹੈ ਇਹ ਚਾਰ ਸਕਲਾਂ ≡̇ ∸ ≡̇ ∸ ਅਗਨੀ ਦੀਆਂ ਪੂਰਬੀ ਹੈਨ ਏਹ ੪ ਸ਼ਕਲਾਂ ⨪ ≡ ⁝ ⨪ ਵਾਯੂ ਦੀਆਂ ਪਛਮੀ ਹੈਨ ਏਹ ੪ ਸ਼ਕਲਾਂ ≡̣ =̣ ⨪ ⁝

ਜਲਦੀਆਂ ਪਹਾੜੀ ਹੈ ਏਹ ਚਾਰ ਸ਼ਕਲਾਂ ਃ
ਃ ਃ ਃ ਪ੍ਰਿਥਵੀ ਦੀਆਂ ਦਖਨੀ ਹੈਨ
ਜਾਨਣਾ ਚਾਹੀਏ ਕਿ ਜੋ ਰਮਲ ਵਿਚ ਸੋਲਾਂ
ਖਾਨੇ ਮਸ਼ਹੂਰ ਹੈਨ ਖਾਨੇ ਬਨਾਵਣ ਦੀ ਕੋਈ
ਲੋੜ ਨਹੀਂ ਹੈ ਜੋ ਸ਼ਕਲ ਜਾਇਚੇ ਵਿਚ ਪਹਿਲੇ
ਆਵੇਗੀ ਓਹ ਖਾਨੇ ਪਹਿਲੇ ਵਿਚ ਹੋਵੇਗੀ ਜੋ
ਦੂਸਰੀ ਹੋਵੇਗੀ ਓਹ ਦੂਸਰੇ ਖਾਨੇ ਵਿਚ ਸਮਝੀ
ਜਾਵੇਗੀ। ਉਹ ਸਾਰੇ ਖਾਨੇ ਲਿਖਦੇ ਹਾਂ।

(੧) ਤਨ-ਜਾਨ ਤਾਲਿਆ ਰੁਜਗਾਰ ਸ਼ੁਰੂ
ਹਰਕਾਰ ਸਿਰ ਮੂੰਹ।

(੨) ਧਨ—ਰਿਜਨ ਰੁਜਗਾਰ ਖਜਾਨਾ
ਰਾਜਾ ਮਦਦ ਗਾਰ ਕਰਜਾ ਖਰੀਦ ਫਰੋਖਤ
ਫਾਇਦਾ ਨੁਕਸਾਨ ਅਮਾਨਤ ਤਾਂਲਿਆ ਬਚੇ
ਦਾ ਕਸਬ ਗਰਦਨ ਗੱਲ।

(੩) ਈ ਭਾਭੈਣ ਨਜਦੀਕੀ ਦੋਸਤ ਸਫਰ
ਨਕਲ ਹਰਕਤ ਖਾਬ ਦਿਨ ਦਾ ਮਦਰਸਾਮਸੀਤ
ਇਲਮ ਹਬ ਪੈਰ।

(੪) ਮਾਂ ਬਾਪ ਮੁਲਕ ਖੇਤੀ ਖਜਾਨਾ ਅੰਤ ਕੰਮ ਦਾ ਉਮਰ ਪ੍ਰਛਕ ਸੀਨਾ ਮੇਹਦਾ।

(੫) ਪੁਤ੍ਰ ਮਸੂਕ ਸ਼ਾਦੀ ਹਸਨਾ ਖੇਡਨਾ ਖਤ ਕਤਾਬਤ ਹਦੀਆਂਨਰ ਮਾਦਾ ਪਿਠ ਲਿੰਗ।

(੬) ਬੀਮਾਰੀ ਸਿਹਰ ਗਏਖਤਾ ਗੁੰਮ ਸ਼ੈ ਹਮਲ ਔਰਤ ਦਾ ਲੌਡੀ ਗੁਲਾਮ ਕਰਜਾ ਭੇਤ ਸਫਰ ਕਾਪਟ ਮੁਕਾਮ ਭਾਈ ਜਾਨਵਰ ਚਪਾਏ ਛੋਟੇ ਪੇਟਨ ਭੀ

(੭) ਔਰਤ ਸ੍ਰੀਕ ਨਕਾਹ ਗਾਇਬ ਚੋਰ ਦੁਸ਼ਮਨ ਦਾ ਵਾ ਮਿਲਨਾ ਗੁੰਮਾ ਸ਼ੈ ਦਾ ਮੁਕਾਮ ਸਫਰ ਹਾਲ ਹਮਸਾਯਾ ਇਰਾਦਾ ਮੁਸਾਫਰ ਦਾਵਾ ਅਮਾਨਤ ਦਿਤੜ ਨਾਭੀ।

(੮) ਮੌਤ ਖੌਫ ਤੋਹਮਤ ਜੁਲਮਖਜਾ। ਨਾ ਮਾਲ ਔਰਤਵਾ ਚੋਰਵਾ ਗਾਇਬ ਦਫੀਨ ਮਸੂਕ ਬਾਪ ਮੁਕਾਮ ਮਸੂਕਾ ਲਿਗ ਵਾ ਭਗ ਵਾ ਗੁਦਾ ਵਾ ਚਿਤੜਾ।

(੯) ਇਲਮ ਦੀਨ ਸਫਰ ਖਾਬ ਬੰਦਗੀ

ਪਰਹੇਜਗਾਰੀ ਬੀਮਾਰੀ, ਬਾਪ, ਭੈਣ, ਭਾਈ, ਵਹੁਟੀ, ਮਾਸੂਕ ਈਰਾਨ ।

(੧੦) ਬਾਦਸ਼ਾਹੀ, ਹਕੂਮਤ, ਮਰਤਬਾ, ਨੌਕਰੀ, ਸ਼ੁਗਲ, ਬੀਮਾਰ ; ਪੁਤਰ; ਔਰਤ, ਗਾਇਬ ਮੁਕਾਮ, ਚੋਰ, ਹਾਲ ਮਾਂ ਬਾਪ, ਗੋਡੇ ਨਾਲ ਖਾਨਾ ਤਲਕ ਰਖਦਾ ਹੈ।

(੧੧) ਉਮੈਦ ਵਜੀਰ ਆਸਕੀ ਖਲੀਫਾ ਪਿੰਨੀ ਨਾਲ ।

